YES BANK

www.yesbank.in

ਪੰਜੀਕ੍ਰਿਤ ਅਤੇ ਨਿਗਮਤ ਦਫਤਰ: ਨੇਹਰੂ ਸੈਂਟਰ, ੯ਵੀਂ ਮੰਜ਼ਿਲ, ਡਿਸਕਵਰੀ ਆਫ ਇੰਡੀਆ,
ਡਾ. ਏ.ਬੀ.ਰੋਡ, ਮੁੰਬਈ–400018, ਭਾਰਤ। ਟੈਲੀਫੋਨ: +91 (22) 6669 9000, ਫੈਕਸ: +91 (22) 6669 9010
ਉੱਤਰੀ ਖੇਤਰੀ ਨਿਗਮਤ ਦਫਤਰ: 48, ਨਿਆਏ ਮਾਰਗ, ਚਾਨਕਿਆਪੁਰੀ, ਨਵੀਂ ਦਿੱਲੀ 110 021, ਭਾਰਤ।
ਟੈਲੀਫੋਨ: +91 (11) 6656 9000, ਫੈਕਸ: +91 (11) 4168 0144

# YESBANK
## CITIZENS CHARTER

YES BANK

| | |
|---|---|
| ਮੁੱਖਬੰਦ | 2 |
| ਗੁਣਵੱਤਾ ਨੀਤੀ | 3 |
| 'ਯੈੱਸ ਟੱਚ' ਪਰਤੱਖ ਬੈਂਕਿੰਗ ਚੈਨਲਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ | 3 |
| ਗਾਹਕ–ਬੈਂਕਰ ਸਬੰਧਾਂ ਦੇ ਆਮ ਖੇਤਰ | 5 |
| ਸੁਰੱਖਿਅਕ ਬੈਂਕਿੰਗ ਅਨੁਭਵ ਲਈ ਗਾਹਕ ਦੀਆਂ ਚੰਗੀਆਂ ਕਾਰਜ–ਪ੍ਰਣਾਲੀਆਂ | 12 |
| ਧਨ ਪ੍ਰਬੰਧਨ ਸੇਵਾਵਾਂ | 13 |
| ਖਜ਼ਾਨੇ–ਸਬੰਧੀ ਸੇਵਾਵਾਂ | 14 |
| ਛੋਟੇ ਕਾਰੋਬਾਰ ਲਈ ਰਿਣ ਯੋਜਨਾਵਾਂ | 14 |
| ਸੀਐਮਐਸ ਅਤੇ ਭੁਗਤਾਨ ਸਮਾਧਾਨ | 14 |
| ਪੂੰਜੀ ਬਾਜ਼ਾਰ ਸੇਵਾਵਾਂ | 15 |
| ਵਿਦੇਸ਼ਾ ਵਪਾਰ ਸੇਵਾਵਾਂ | 15 |
| ਸ਼ਿਕਾਇਤਾਂ ਦਾ ਸੁਧਾਰ ਕਰਨਾ | 16 |

## ਮੁੱਖਬੰਦ

ਯੈੱਸ ਬੈਂਕ ਵਿੱਚ, ਸਾਨੂੰ ਹਮੇਸ਼ਾ ਲੱਗਦਾ ਹੈ ਕਿ ਭਾਰਤ ਸ਼ਾਖਾਵਾਂ ਦੇ ਵੱਧ ਮਾਤਰਾ ਵਿੱਚ ਹੋਣ ਵਜੋਂ ਅਤੇ ਸੇਵਾ-ਅਧੀਨ ਬੈਂਕਿੰਗ ਮਾਹੌਲ ਹੋਣ ਵਜੋਂ ਬੁਰੀ ਤਰ੍ਹਾਂ ਪ੍ਰਭਾਵਿਤ ਰਿਹਾ ਹੈ। ਇਹੀ ਵਿਸ਼ਵਾਸ ਹੈ ਜਿਸਨੇ ਸਾਨੂੰ ਭਾਰਤੀ ਗਾਹਕਾਂ ਨੂੰ ਇੱਕ ਅਜਿਹਾ ਬੈਂਕ ਪੇਸ਼ ਕਰਨ ਦੇ ਸੁਪਣੇ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ ਹੈ ਜੋ ਸਰਵ-ਸਰੇਸ਼ਠ ਸੇਵਾ ਗੁਣਵੱਤਾ ਦਾ ਪ੍ਰਤੀਕ ਹੋਵੇਗਾ ਅਤੇ ਆਪਣੇ ਦੇਸ਼ ਅਤੇ ਦੁਨੀਆ ਭਰ ਵਿੱਚ ਸੇਵਾ ਉੱਤਮਤਾ ਦਾ ਇੱਕ ਮਾਨਦੰਡ ਸਥਾਪਤ ਕਰਦਾ ਹੈ।

ਯੈੱਸ ਬੈਂਕ ਵਿੱਚ, ਅਸੀਂ ਸਮਾਜੀ-ਆਰਥਕ ਉਦੇਸ਼ਾਂ ਨੂੰ ਹਾਸਲ ਕਰਨ ਲਈ ਅਤੇ ਹੋਰ ਵੱਧ ਅਤੇ ਵੱਧ ਗਾਹਕਾਂ ਨੂੰ ਆਪਣੇ ਘੇਰੇ ਵਿੱਚ ਲਿਆਉਣ ਦੀ ਪ੍ਰਕਿਰਿਆ ਵਿੱਚ ਇੱਕ ਜਿੰਮੇਵਾਰ ਬੈਂਕਿੰਗ ਤੇ ਦਰਿੜ ਵਿਸ਼ਵਾਸ ਕਰਦੇ ਹਾਂ। ਗਾਹਕਾਂ ਦੀ ਸੰਤੁਸ਼ਟੀ ਉੱਤਮ ਬੈਂਕਿੰਗ ਅਨੁਭਵ ਨੂੰ ਪ੍ਰਦਾਨ ਕਰਨ ਵਿੱਚ ਪ੍ਰਮੁੱਖ ਤੱਤ ਹੈ।

ਯੈੱਸ ਬੈਂਕ ਸਿਟਿਜ਼ਨਸ ਚਾਰਟਰ ਧਾਰਨਾ ਨੂੰ ਉਪਰਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਆਧਾਰਭੂਤ ਉਪਕਰਨ ਦੇ ਰੂਪ ਵਿੱਚ ਮੰਨਿਆ ਗਿਆ ਸੀ ਅਤੇ ਇਸ ਦੇ ਮੁਤਾਬਕ ਇਹ ਦਸਤਾਵੇਜ਼ ਤਿਆਰ ਕੀਤਾ ਗਿਆ ਸੀ। ਇਹ ਦਸਤਾਵੇਜ਼ ਉਪਭੋਗਤਾਵਾਂ ਦੀ ਸਹਿਮਤੀ ਨਾਲ ਬਣਾਇਆ ਗਿਆ ਸੀ ਅਤੇ ਇਸ ਤਰ੍ਹਾਂ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਵਿੱਚ ਜਵਾਬਦੇਹੀ ਅਤੇ ਜਿੰਮੇਵਾਰੀ ਨੂੰ ਯਕੀਨੀ ਬਣਾਉਂਦੇ ਹੋਏ, ਗਾਹਕਾਂ ਦੀ ਸੰਤੁਸ਼ਟੀ ਵੱਲ ਯੈੱਸ ਬੈਂਕ ਦੀਆਂ ਪ੍ਰਤੀਬੱਧਤਾਵਾਂ ਨੂੰ ਖਾਸ ਤੌਰ ਤੇ ਦਰਸ਼ਾਉਂਦਾ ਹੈ। ਗਾਹਕਾਂ ਲਈ ਇਹ ਚਾਰਟਰ ਸਿਰਫ ਸੁਧਾਰਾਤਮਕ ਤਰੀਕਿਆਂ ਸਮੇਤ ਸਾਡੀ ਪ੍ਰਤੀਬੱਧਤਾ ਅਤੇ ਜਿੰਮੇਵਾਰੀਆਂ ਦੀ ਵਿਆਖਿਆ ਹੀ ਨਹੀਂ ਕਰਦਾ ਸਗੋਂ ਗਾਹਕ-ਬੈਂਕਰ ਸਬੰਧਾਂ ਵਿੱਚ ਗੁਣਕਾਰੀ ਵਿਹਾਰਾਂ ਲਈ ਗਾਹਕਾਂ ਵੱਲੋਂ ਆਭਾਰ ਦਾ ਵੀ ਵਿਸਤਰਤ ਵੇਰਵਾ ਦਿੰਦਾ ਹੈ।

ਚਾਰਟਰ ਨੂੰ ਨਿਰਪੱਖ ਬੈਂਕਿੰਗ ਕਾਰਜ-ਪ੍ਰਣਾਲੀਆਂ ਨੂੰ ਵਧਾਵਾ ਦੇਣ ਲਈ ਅਤੇ ਗਾਹਕ ਸੇਵਾਵਾਂ ਨਾਲ ਸਬੰਧਤ ਵੱਖ ਵੱਖ ਗਤੀਵਿਧੀਆਂ ਦੇ ਸਬੰਧ ਵਿੱਚ ਜਾਣਕਾਰੀ ਦੇਣ ਲਈ ਤਿਆਰ ਕੀਤਾ ਗਿਆ ਹੈ।

ਅਸੀਂ ਗਾਹਕ ਲਈ ਸੇਵਾਵਾਂ ਦੀ ਇੱਕ ਰੇਂਜ ਦਾ ਮੁਲਾਂਕਣ, ਸੁਧਾਰ ਅਤੇ ਵਿਸਤਾਰ ਕਰਨ ਲਈ ਵੱਖ ਵੱਖ ਸੈਮੀਨਾਰਾਂ, ਗਾਹਕ ਬੈਠਕਾਂ, ਆਦਿ ਰਾਹੀਂ ਲਗਾਤਾਰ ਆਪਣੇ ਸੇਵਾ ਮਾਨਕਾਂ ਨੂੰ ਸੁਧਾਰਨ ਅਤੇ ਆਪਣੇ ਗਾਹਕਾਂ ਦੇ ਨਾਲ ਲਗਾਤਾਰ ਸਲਾਹ-ਮਸ਼ਵਰਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਹਾਲਾਂਕਿ, ਸਾਡੇ ਸਾਰੇ ਗਾਹਕਾਂ ਨੂੰ ਬੈਂਕ ਦੁਆਰਾ ਮੁਹੱਈਆ ਕੀਤੀਆਂ ਵੱਖ-ਵੱਖ ਸੇਵਾਵਾਂ ਬਾਰੇ ਆਪਣੇ ਅਨੁਭਵਾਂ ਬਾਰੇ ਸਾਨੂੰ ਦੱਸਦੇ ਰਹਿਣ ਲਈ ਉਤਸਾਹਿਤ ਕੀਤਾ ਜਾਂਦਾ ਹੈ। ਅਸੀਂ ਆਉਣ ਵਾਲੇ ਸਾਲਾਂ ਵਿੱਚ ਕਈ ਹੋਰ ਖੇਤਰੀ ਭਾਸ਼ਾਵਾਂ ਵਿੱਚ ਚਾਰਟਰ ਨੂੰ ਪ੍ਰਦਰਸ਼ਤ ਕਰਨ ਦਾ ਇਰਾਦਾ ਰੱਖਦੇ ਹਾਂ।

ਸਥਾਨ: ..................................

ਤਾਰੀਖ: ..................................

ਸਭਾਪਤੀ ਅਤੇ ਪ੍ਰਬੰਧਨ ਨਿਰਦੇਸ਼ਕ

## ਧਿਆਨ ਦਿਓ

ਅਪ੍ਰੈਲ 2009 ਤੋਂ ਦਿੱਤੀ ਗਈ ਇਸ ਪੁਸਤਿਕਾ ਵਿੱਚ ਜਾਣਕਾਰੀ, ਜੋ ਬਦਲਣ/ਸੋਧਨ ਦੇ ਅਧੀਨ ਹੈ। ਇਸ ਪੁਸਤਿਕਾ ਨੂੰ ਅਧਿਕਾਰਾਂ ਅਤੇ ਜਿੰਮੇਵਾਰੀਆਂ ਦਾ ਨਿਰਮਾਣ ਕਰਨ ਲਈ ਇੱਕ ਕਨੂੰਨੀ ਦਸਤਾਵੇਜ਼ ਦੇ ਰੂਪ ਵਿੱਚ ਨਹੀਂ ਮੰਨਿਆ ਜਾਣਾ ਚਾਹੀਦਾ। ਇਹ ਗਾਹਕ ਅਤੇ ਬੈਂਕਰ ਦੇ ਵਿੱਚ ਬੇਹਤਰ ਤਾਲਮੇਲ ਨੂੰ ਵਧਾਵਾ ਦੇਣ ਲਈ ਹੈ।

ਇਸ ਪੁਸਤਿਕਾ ਵਿੱਚ ਸਿਰਫ ਬੈਂਕ ਦੁਆਰਾ ਪੇਸ਼ ਕੀਤੀਆਂ ਵੱਖ ਵੱਖ ਸੇਵਾਵਾਂ/ਸੁਵਿਧਾਵਾਂ ਦੀ ਵਰਤੋਂ ਅਤੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਹੋਰ ਵੇਰਵਿਆਂ/ਜਾਣਕਾਰੀ ਲਈ, ਤੁਸੀਂ ਸਾਡੀ ਵੈੱਬਸਾਈਟ www.yesbank.in ਦੇਖ ਸਕਦੇ ਹੋ ਜਾਂ ਸਾਡੀ ਸ਼ਾਖਾ ਦੇ ਦਫਤਰਾਂ ਤੇ ਆ ਸਕਦੇ ਹੋ/ਕਾਲ ਕਰ ਸਕਦੇ ਹੋ/ਪੱਤਰ ਲਿੱਖ ਸਕਦੇ ਹੋ।



## ਗੁਣਵੱਤਾ ਨੀਤੀ

"ਯੈੱਸਬੈਂਕਭਾਰਤ ਵਿੱਚ ਦੁਨੀਆ ਦਾਸਭ ਤੋਂ ਵਧੀਆ ਗੁਣਵੱਤਾ ਦਾਬੈਂਕਬਣਨਲਈਆਪਣੇ ਉਦੇਸ਼ ਵਿੱਚ ਸੰਚਾਲਕ ਨਿਪੁਨਤਾ, ਨਵੀਂ ਕਾਢ, ਆਧੁਨਿਕ ਤਕਨੀਕਅਤੇ ਸ਼ਰੇਣੀ ਵਿੱਚ ਸਭ ਤੋਂ ਵਧੀਆਪ੍ਰਣਾਲੀਅਤੇ ਪਰਕਿਰਿਆਵਾਂ ਦੇ ਜ਼ਰੀਏ ਬਿਹਤਰਸੇਵਾ ਅਨੁਭਵ ਨੂੰ ਯਕੀਨੀ ਬਣਾਉਣ ਲਈਜਤਨਕਰੇਗਾ"

**ਉਦੇਸ਼:-**

- ✓ ਸੰਤੁਸ਼ਟੀ ਦੇ ਉੱਚ ਪੱਧਰ ਨੂੰ ਅਤੇ ਗਾਹਕਾਂ ਵੱਲੋਂ ਸ਼ਿਕਾਇਤਾਂ ਦੀ ਪ੍ਰਤੀਸ਼ਤਤਾ ਵਿੱਚ ਕਮੀ ਨੂੰ ਯਕੀਨੀ ਬਣਾਉਣਾ।
- ✓ ਨਿਰਧਾਰਤ ਮਾਨਕਾਂ ਦੇ ਸਮਰਥਨ, ਪਾਲਣਾ ਅਤੇ ਪ੍ਰਕਿਰਿਆ ਵਿੱਚ ਘੱਟ-ਘੱਟ ਗਲਤੀਆਂ ਨੂੰ ਯਕੀਨੀ ਬਣਾਉਣਾ।
- ✓ ਕੁਸ਼ਲ ਲੋਕਾਂ ਨੂੰ ਭਰਤੀ ਕਰਨਾ ਅਤੇ ਅਨੁਕੂਲਤਮ ਉਤਪਾਦਕਤਾ ਹਾਸਲ ਕਰਨ ਲਈ ਲਗਾਤਾਰ ਸਿੱਖਿਆ ਦੇਣਾ।
- ✓ ਗਾਹਕਾਂ ਅਤੇ ਕਰਮਚਾਰੀਆਂ ਵੱਲੋਂ ਪਰਤੀ ਸੂਚਨਾ ਤੇ ਆਧਾਰਤ ਬਦਲਾਵ ਕਰਨ ਲਈ ਉੱਚ ਅਨੁਕੂਲਨਸ਼ੀਲਤਾ ਨੂੰ ਯਕੀਨੀ ਬਣਾਉਣਾ।

## ਯੈੱਸ ਬੈਂਕ ਸ਼ਾਖਾਵਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ

- ✓ ਇਸਦਾ ਪੁੱਛਗਿੱਛ/ਸੇਵਾ ਬੇਨਤੀਆਂ ਲਈ ਸਾਰੀਆਂ ਸ਼ਾਖਾਵਾਂ ਵਿੱਚ ਇੱਕ ਵੱਖਰਾ *'ਯੈੱਸ ਫਾਰ ਯੂ'* ਕਾਉਂਟਰ ਹੈ ਅਤੇ ਲਗਾਤਾਰ ਸਰਵ-ਸਰੇਸ਼ਠ ਅਨੁਭਵ ਪ੍ਰਦਾਨ ਕਰਨ ਲਈ ਜਤਨ ਕਰਦਾ ਹੈ
- ✓ ਸਾਰੇ ਡਿਪੋਜ਼ਿਟ ਖਾਤਿਆਂ ਵਿੱਚ ਨਾਮਜ਼ਦਗੀ ਸੁਵਿਧਾ ਦੀ ਪੇਸ਼ਕਸ਼ ਕਰਦਾ ਹੈ (ਜਿਵੇਂ ਕਿ ਵਿਅਕਤੀਗਤ ਸਮਰੱਥਤਾ ਵਿੱਚ ਖੁਲ੍ਹਿਆ ਖਾਤਾ)
- ✓ ਸਮੇਂ ਸਮੇਂ ਤੇ ਵੱਖ-ਵੱਖ ਡਿਪੋਜ਼ਿਟ ਯੋਜਨਾਵਾਂ/ਸੇਵਾਵਾਂ ਦਾ ਵੇਰਵਾ ਪ੍ਰਦਾਨ ਕਰਦਾ ਹੈ
- ✓ ਅੱਧ-ਸ਼ਹਿਰੀ ਅਤੇ ਪੇਂਡੂ ਸ਼ਾਖਾਵਾਂ ਵਿੱਚ ਵਰਿਸ਼ਠ ਨਾਗਰਿਕਾਂ, ਪੈਂਸ਼ਨਭੋਗੀਆਂ, ਔਰਤਾਂ ਅਤੇ ਵਿਅਕਤੀਆਂ ਲਈ ਵਾਧੂ ਫਾਇਦਿਆਂ ਸਮੇਤ ਸਾਰੇ ਗਾਹਕਾਂ ਨੂੰ ਮਮੂਲੀ ਕੀਮਤਾਂ ਤੇ ਆਧਾਰਭੂਤ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਦਾ ਹੈ।
- ✓ ਮੁੱਖ ਆਧਾਰਭੂਤ ਬੈਂਕਿੰਗ ਸੇਵਾਵਾਂ ਵਿੱਚ ਸ਼ਾਮਲ ਹਨ - ਪੇਅਬਲ ਐਟ ਪਾਰ (ਬਹੁਸ਼ਹਿਰੀ ਚੈੱਕ ਬੁੱਕ), ਕਿਸੇ ਵੀ ਸ਼ਾਖਾ ਤੋਂ ਬੈਂਕਿੰਗ, ਐਸਐਮਐਸ ਚੇਤਾਵਨੀਆਂ, ਈ-ਮੇਲ ਚੇਤਾਵਨੀਆਂ, ਇਲੈਕਟ੍ਰੋਨਿਕ ਕਲੀਅਰਿੰਗ ਸੇਵਾਵਾਂ/ਸਥਾਈ ਹਿਦਾਇਤਾਂ, ਉਪਯੋਗਤਾ ਬਿਲ ਭੁਗਤਾਨ, ਇੰਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ, ਆਦਿ।
- ✓ ਪੈਸਾ ਭੇਜਣ ਸਬੰਧੀ ਸੇਵਾਵਾਂ ਦੇ ਵੱਖ ਵੱਖ ਵਿਕਲਪ ਪ੍ਰਦਾਨ ਕਰਦਾ ਹੈ - ਡਿਮਾਂਡ ਡ੍ਰਾਫਟ, ਪੇਅ ਆਰਡਰ, ਆਰਟੀਜੀਐਸ, ਐਨਈਐਫਟੀ ਆਦਿ।
- ✓ ਸ਼ਾਖਾ ਦੇ ਬਾਹਰ ਸ਼ਾਖਾ ਦੇ ਕੰਮਕਾਜੀ ਘੰਟਿਆਂ ਨੂੰ ਪ੍ਰਦਰਸ਼ਿਤ ਕਰਦਾ ਹੈ।
- ✓ ਚੈੱਕ ਪਾਉਣ ਵਾਲੇ ਬਕਸਿਆਂ ਵਿੱਚ ਕਲੀਅਰਿੰਗ ਦੀ ਸਮੇਂ-ਸੀਮਾ ਪ੍ਰਦਰਸ਼ਿਤ ਕਰਦਾ ਹੈ।
- ✓ ਸਮੇਂ ਸਮੇਂ ਤੇ ਵੱਖ ਵੱਖ ਬਚਤ ਖਾਤੀਆਂ ਤੇ ਦਿੱਤੇ ਜਾਣ ਵਾਲੇ ਬਿਆਜ ਪ੍ਰਦਰਸ਼ਿਤ ਕਰਦਾ ਹੈ।
- ✓ ਬੈਂਕ ਦੁਆਰਾ ਮੁਹੱਈਆ ਕੀਤੀਆਂ ਵੱਖ-ਵੱਖ ਆਧਾਰਭੂਤ ਬੈਂਕਿੰਗ ਸੇਵਾਵਾਂ ਅਤੇ ਹੋਰ ਸੰਗ੍ਰਹਿ, ਭੁਗਤਾਨਾਂ ਅਤੇ ਕਈ ਪ੍ਰਕਾਰ ਦੀਆਂ ਸੇਵਾਵਾਂ ਦਾ ਵੇਰਵਾ ਦਿੰਦੇ ਹੋਏ ਲਾਗਤਾਂ ਦੀ ਅਨੁਸੂਚੀ ਪ੍ਰਦਰਸ਼ਿਤ ਕਰਦਾ ਹੈ।
- ✓ ਸ਼ਿਕਾਇਤ/ਸਲਾਹ ਬਕਸਾ ਪ੍ਰਦਾਨ ਕਰਦਾ ਹੈ ਅਤੇ ਆਪਣੀਆਂ ਸੇਵਾਵਾਂ ਵਿੱਚ ਲਗਾਤਾਰ ਸੁਧਾਰ ਕਰਨ ਲਈ ਪਰਤੀ ਸੂਚਨਾ ਨੂੰ ਵਧਾਵਾ ਦਿੰਦਾ ਹੈ।
- ✓ ਗਾਹਕਾਂ ਦੀਆਂ ਮੁਸ਼ਕਲਾਂ/ਸ਼ਿਕਾਇਤਾਂ ਨਾਲ ਕਾਰਜ-ਵਿਹਾਰ ਕਰਦੇ ਖੇਤਰੀ/ਮੁੱਖ ਦਫਤਰਾਂ ਦੇ ਪਤੇ ਪ੍ਰਦਰਸ਼ਿਤ ਕਰਦਾ ਹੈ।

## 'ਯੈੱਸ ਟਚ' ਪਰਤੱਖ ਬੈਂਕਿੰਗ ਚੈਨਲਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ

ਸਾਡੇ ਨਾਲ ਬੈਂਕਿੰਗ ਕਰਨ ਲਈ ਵਿਕਲਪਿਕ ਅਤੇ ਲਚਕੀਲੇ ਤਰੀਕਿਆਂ ਦਾ ਇੱਕ ਵਿਸਤਰਤ ਵਿਕਲਪ ਪ੍ਰਦਾਨ ਕਰਦਾ ਹੈ –

ਇੰਟਰਨੈੱਟ ਬੈਂਕਿੰਗ:-

- ✓ *'ਸੁਰੱਖਿਆ/ਪ੍ਰਮਾਣੀਕਰਨ ਦੇ ਦੋ ਪੱਧਰ'* – ਕਿਸੇ ਵੀ ਸੰਭਾਵੀ ਦੁਰਵਰਤੋਂ ਨੂੰ ਸੀਮਤ ਕਰਦਾ ਹੈ ਅਤੇ ਸੁਰੱਖਿਆ ਦਾ ਵਿਸਤਰਤ ਪੱਧਰ ਪ੍ਰਦਾਨ ਕਰਦਾ ਹੈ –
  - ਵਿਅਕਤੀਗਤ ਗਾਹਕ – ਇੰਟਰਨੈੱਟ ਬੈਂਕਿੰਗ ਤੇ ਸਾਰੇ ਕਾਰਜ–ਵਾਹਾਰਾਂ ਲਈ, ਗਾਹਕ ਦੇ ਰਜਿਸਟਰਡ ਮੋਬਾਈਲ ਫੋਨ ਨੰਬਰ ਤੇ ਇੱਕ–ਵਾਰੀ ਦਾ ਪਾਸਵਰਡ ਭੇਜਿਆ ਜਾਂਦਾ ਹੈ
  - ਗੈਰ–ਵਿਅਕਤੀਗਤ ਗਾਹਕ – ਸੱਤਰ ਵਿੱਚ ਹਰ ਲੌਗ ਲਈ, ਇੱਕ–ਵਾਰੀ ਦਾ ਪਾਸਵਰਡ ਬਣਾਇਆ ਜਾ ਸਕਦਾ ਹੈ
- ✓ ਵਿਅਕਤੀਗਤ ਗਾਹਕਾਂ ਲਈ *'ਇੱਕੋ ਪਿਨ ਤਕ ਪਹੁੰਚ'* – ਨਿਮਨਲਿਖਤ ਲਈ ਵਰਤੇ ਜਾਣ ਵਾਲੇ ਡੇਬਿਟ/ਏਟੀਐਮ ਕਾਰਡ ਪਿਨ ਨੂੰ ਸੱਖਮ ਬਣਾਉਂਦਾ ਹੈ
  - ਇੰਟਰਨੈੱਟ ਬੈਂਕਿੰਗ ਲਈ ਪਹਿਲੀ ਵਾਰ ਰਜਿਸਟ੍ਰੇਸ਼ਨ
  - ਤੁਹਾਡੇ ਵੱਲੋਂ ਪਾਸਵਰਡ ਭੁੱਲ ਜਾਣ ਤੇ ਦੁਬਾਰਾ ਬਣਾਉਣਾ
- ✓ ਇੰਟਰਨੈੱਟ ਬੈਂਕਿੰਗ ਦੁਆਰਾ ਪ੍ਰਦਾਨ ਕੀਤੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਨਿਮਲਿਖਤ ਸ਼ਾਮਲ ਹਨ –
  - ਉਪਭੋਗਤਾ ਬਿਲ ਦੇ ਭੁਗਤਾਨਾਂ ਲਈ ਰਜਿਸਟ੍ਰੇਸ਼ਨ
  - ਵਿਧੀਪੂਰਵਕ ਨਿਵੇਸ਼ ਯੋਜਨਾਵਾਂ ਅਤੇ 17 ਤੋਂ ਵੱਧ ਫੰਡ ਹਾਉਸਿਜ਼ ਦੀਆਂ ਮਿਊਚੁਅਲ ਫੰਡ ਯੋਜਨਾਵਾਂ ਵਿੱਚ ਨਿਵੇਸ਼
  - ਆਨਲਾਈਨ ਖਰੀਦਾਰੀ/ਯਾਤਰਾ ਲਈ ਬੁਕਿੰਗ
  - ਯੈਸ ਬੈਂਕ ਖਾਤਿਆਂ/ਵਪਾਰਕ ਖਾਤਿਆਂ ਵਿੱਚ ਧਨ ਸਥਾਨ–ਅੰਤਰਨ
  - ਡਿਮਾਂਡ ਡ੍ਰਾਫਟ ਦਾ ਪ੍ਰਕਾਸ਼ਨ
  - ਖਾਤਾ ਬਿਓਰਿਆਂ ਦਾ ਪ੍ਰਕਾਸ਼ਨ
  - ਨਿਜੀ ਅਤੇ ਖਾਤੇ ਦੀ ਜਾਣਕਾਰੀ
  - ਐਸਐਮਐਸ/ਈ–ਮੇਲ ਚੇਤਾਵਨੀਆਂ ਦਾ ਪ੍ਰਮਾਣੀਕਰਨ/ਸੁਧਾਰ
  - ਧਨ ਨਿਰੀਖਣ – ਵੱਖ–ਵੱਖ ਬੈਂਕ ਖਾਤਿਆਂ, ਦਲਾਲੀ ਖਾਤਿਆਂ, ਲਗਾਤਾਰ ਤੇਜ਼ ਰਫਤਾਰ ਵਿੱਚ ਚਲਣ ਵਾਲੇ ਖਾਤਿਆਂ ਆਦਿ ਦਾ ਖਾਤਾ ਸੰਗ੍ਰਹਿ

ਮੋਬਾਈਲ ਬੈਂਕਿੰਗ:-

- ✓ ਗਾਹਕ 09840909000 ਤੇ ਇੱਕ ਐਸਐਮਐਸ 'YESREG CUSTOMER I D' ਭੇਜ ਕੇ 'ਤੁਰੰਤ ਰਜਿਸਟ੍ਰੇਸ਼ਨ' ਦਾ ਫਾਇਦਾ ਉਠਾ ਸਕਦੇ ਹਨ
- ✓ ਮੋਬਾਈਲ ਬੈਂਕਿੰਗ ਰਾਹੀਂ ਮੁਹੱਈਆ ਕੀਤੀਆਂ ਗਈਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਨਿਮਨਲਿਖਤ ਸ਼ਾਮਲ ਹਨ –
  - ਖਾਤੇ ਵਿੱਚ ਮੌਜੂਦ ਰਕਮ ਬਾਰੇ ਜਾਂਚ ਕਰਨਾ
  - ਖਾਤੇ ਦਾ ਛੋਟਾ ਬਿਓਰਾ
  - ਜਾਰੀ ਕੀਤੇ ਚੈੱਕਾਂ ਦਾ ਭੁਗਤਾਨ ਰੋਕਣ ਲਈ ਬੇਨਤੀ
  - ਚੈੱਕ ਦੀ ਸਥਿਤੀ ਬਾਰੇ ਜਾਂਚ
  - ਚੈੱਕ ਬੁੱਕ ਜਾਰੀ ਕਰਨ ਦੀ ਬੇਨਤੀ
  - ਖਾਤਾ ਬਿਓਰਾ
  - ਨਿਸ਼ਚਤ ਅਵਧੀ ਲਈ ਪੈਸਾ ਜਮਾਂ ਕਰਾਉਣ ਦੇ ਵੇਰਵਿਆਂ ਦੀ ਬੇਨਤੀ
  - ਵਾਈ.ਬੀ.ਐਲ. ਗਾਹਕਾਂ ਵਿੱਚ ਮੋਬਾਈਲ ਅਦਾਇਗੀਆਂ ਅਤੇ ਦੇਸ਼ ਵਿੱਚ ਕੋਈ ਹੋਰ ਬੈਂਕ ਖਾਤੇ ਲਈ ਵੀ।

ਏਟੀਐਮ ਅਤੇ ਡੈਬਿਟ/ਏਟੀਐਮ ਕਾਰਡ:-

- ✓ ਦੁਨੀਆ ਭਰ ਵਿੱਚ ਪਾਰਟਨਰ ਬੈਂਕ ਏਟੀਐਮ ਮਸ਼ੀਨਾਂ ਵਿੱਚ ਐਨਐਫਐਸ, ਕੈਸ਼ਟ੍ਰੀ ਅਤੇ ਮਾਸਟਰਕਾਰਡ ਨੈੱਟਵਰਕ ਸ਼ਾਮਲ ਹਨ
- ✓ ਯੈੱਸ ਬੈਂਕ ਦੇ ਹਰ ਏਟੀਐਮ ਵਿੱਚ ਮੁਹੱਈਆ ਮੁੱਖ ਵਿਸ਼ੇਸ਼ਤਾਵਾਂ ਵਿੱਚ ਨਿਮਨਲਿਖਤ ਸ਼ਾਮਲ ਹਨ –
  - ਚੈੱਕ ਜਮਾਂ ਕਰਨਾ
  - ਖਾਤੇ ਵਿੱਚ ਮੌਜੂਦ ਰਕਮ ਬਾਰੇ ਜਾਂਚ ਕਰਨਾ
  - ਖਾਤੇ ਦਾ ਛੋਟਾ ਬਿਓਰਾ
  - ਚੈੱਕ ਬੁੱਕ ਜਾਰੀ ਕਰਨ ਦੀ ਬੇਨਤੀ
  - ਖਾਤਾ ਬਿਓਰਾ
- ✓ ਦੁਨੀਆ ਭਰ ਵਿੱਚ ਸਾਰੀਆਂ ਪਾਰਟਨਰ ਬੈਂਕ ਏਟੀਐਮ ਮਸ਼ੀਨਾਂ ਵਿੱਚ ਮੁਹੱਈਆ ਕੀਤੀਆਂ ਮੁੱਖ ਵਿਸ਼ੇਸ਼ਤਾਵਾਂ
  - ਪੈਸਾ ਕਢਵਾਉਣਾ
  - ਖਾਤੇ ਵਿੱਚ ਮੌਜੂਦ ਰਕਮ ਬਾਰੇ ਜਾਂਚ ਕਰਨਾ
- ✓ ਖਰੀਦਾਰੀ ਵਾਲੇ ਸਥਾਨਾਂ (ਪੀਓਐਸ ਟਰਮਿਨਲ) ਤੇ ਭੁਗਤਾਨ ਲਈ ਡੈਬਿਟ ਕਾਰਡ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਗਾਹਕ-ਬੈਂਕਰ ਸਬੰਧ ਦੇ ਆਮ ਖੇਤਰ

ਬਚਤ ਬੈਂਕ ਖਾਤੇ

- ✓ ਬਚਤ ਬੈਂਕ ਖਾਤਿਆਂ ਨੂੰ ਵਿਅਕਤੀਗਤ ਗਾਹਕਾਂ ਲਈ ਬਚਤ ਕਰਨ ਦੀ ਆਦਤ ਨੂੰ ਆਪਣੇ ਜ਼ੇਹਨ ਵਿੱਚ ਬਿਠਾਉਣ ਅਤੇ ਭਵਿੱਖ ਵਿੱਚ ਆਉਣ ਵਾਲੀ ਪੈਸੇ ਦੀ ਲੋੜ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਬਣਾਇਆ ਗਿਆ ਹੈ।
- ✓ ਇਨ੍ਹਾਂ ਖਾਤਿਆਂ ਵਿੱਚੋਂ ਭਿਜਵਾਈਆਂ/ਚੈੱਕਾਂ/ਡੇਬਿਟ/ਏਟੀਐਮ ਕਾਰਡ/ਇੰਟਰਨੈੱਟ ਬੈਂਕਿੰਗ ਰਾਹੀਂ ਰਕਮ ਜਮਾਂ ਕੀਤੀ ਜਾ ਸਕਦੀ ਹੈ ਅਤੇ ਕਢਵਾਈ ਜਾ ਸਕਦੀ ਹੈ।
- ✓ ਇਨ੍ਹਾਂ ਖਾਤਿਆਂ ਨੂੰ (ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੀ ਮਨਜ਼ੂਰੀ ਤੇ) ਟ੍ਰਸਟਾਂ/ਸੁਸਾਇਟੀਆਂ ਦੁਆਰਾ ਖੋਲ੍ਹਿਆ ਜਾ ਸਕਦਾ ਹੈ।
- ✓ 1 ਲੱਖ ਰੁਪਏ ਤਕ ਰੁਜ਼ਾਨਾ ਕਲੋਜ਼ਿੰਗ ਬੈਲੇਂਸ 'ਤੇ 6% ਸਲਾਨਾ ਅਤੇ 1 ਲੱਖ ਤੋਂ ਵੱਧ ਰੁਪਇਆਂ ਦੇ ਰੁਜ਼ਾਨਾ ਕਲੋਜ਼ਿੰਗ ਬੈਲੇਂਸ 'ਤੇ 7% ਸਲਾਨਾ ਵਿਆਜ ਵਰਤਮਾਨ ਸਮੇਂ ਤੇ ਤਿਮਾਹੀ ਆਧਾਰ ਉਤੇ ਦਿੱਤਾ ਜਾਂਦਾ ਹੈ ਅਤੇ ਨਜ਼ਦੀਕੀ ਰੁਪਏ ਤੇ ਰਾਊਂਡ ਆਫ ਕੀਤਾ ਜਾਂਦਾ ਹੈ, ਬਸ਼ਰਤੇ ਇਹ ਘੱਟੋ-ਘੱਟ 1 ਰੁਪਇਆ ਹੋ ਜਾਏ।
- ✓ ਖਾਤਾ ਧਾਰਕ(ਕਾਂ) ਦੇ ਨਾਂ ਤੇ ਜਾਰੀ ਕੀਤੇ ਚੈੱਕਾਂ, ਡਿਵਿਡੈਂਡ ਵਰੰਟਾਂ ਨੂੰ ਸਿਰਫ ਇਸ ਖਾਤੇ ਰਾਹੀਂ ਹੀ ਪ੍ਰਾਪਤ ਕੀਤਾ ਜਾਵੇਗਾ। ਖਾਤਾ ਧਾਰਕ(ਕਾਂ) ਦੇ ਪੱਖ ਵਿੱਚ ਸਹੀ ਪਾਏ ਵਿੱਤੀ ਲੇਖ-ਪੱਤਰਾਂ ਨੂੰ ਪ੍ਰਾਪਤ ਨਹੀਂ ਕੀਤਾ ਜਾਵੇਗਾ।
- ✓ ਜੇ ਗਾਹਕ ਦੁਆਰਾ ਲਗਾਤਾਰ 2 ਸਾਲਾਂ ਦੀ ਅਵਧੀ ਲਈ ਖਾਤੇ ਰਾਹੀਂ ਕੋਈ ਕਾਰਜ–ਵਿਹਾਰ ਨਹੀਂ ਕੀਤਾ ਜਾਂਦਾ ਹੈ ਤਾਂ ਖਾਤੇ ਨੂੰ ਡੋਰਮੈਂਟ (ਸੁਸਤ) ਖਾਤਾ ਸਮਝਿਆ ਜਾਵੇਗਾ।
- ✓ ਖਾਤਾ ਧਾਰਕ ਨੂੰ ਸਮੇਂ ਸਮੇਂ ਤੇ ਬੈਂਕ ਦੀਆਂ ਲਾਗਤਾਂ ਅਨੁਸੂਚੀਆਂ ਵਿੱਚ ਦਿੱਤੇ ਮੁਤਾਬਕ ਖਾਤੇ ਵਿੱਚ ਨਿਸ਼ਚਤ ਘੱਟੋ–ਘੱਟ ਔਸਤਨ ਤਿਮਾਹੀ ਬੈਲੈਂਸ ਰੱਖਣਾ ਚਾਹੀਦਾ ਹੈ। ਇਸਦੀ ਉਲੰਘਣਾ ਕੀਤੇ ਜਾਣ ਤੇ ਸੇਵਾ ਲਾਗਤਾਂ ਲਗਾਈਆਂ ਜਾਣਗੀਆਂ। **ਔਸਤਨ ਤਿਮਾਹੀ ਬੈਲੈਂਸ** (ਏ.ਕਿਊ.ਬੀ.) ਨੂੰ ਵਿੱਤੀ ਤਿਮਾਹੀਂ (ਅਪ੍ਰੈਲ–ਜੂਨ, ਜੁਲਾਈ–ਸਤੰਬਰ, ਅਕਤੂਬਰ–ਦਸੰਬਰ, ਜਨਵਰੀ–ਮਾਰਚ) ਦੀ ਅਵਧੀ ਲਈ ਖਾਤੇ ਵਿੱਚ ਦਿਨ ਦੇ ਆਖਿਰ (ਈ.ਓ.ਡੀ.) ਤਕ ਬੈਲੈਂਸ ਦੀ ਔਸਤ ਦੇ ਮੁਤਾਬਕ ਗਿਣਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਜਿਵੇਂ – (ਈ.ਓ.ਡੀ. ਬੈਲੈਂਸ ਦਿਨ 1+ਈ.ਓ.ਡੀ. ਬੈਲੈਂਸ ਦਿਨ 2....)/ਵਿੱਤੀ ਤਿਮਾਹੀਂ ਵਿੱਚ ਦਿਨਾਂ ਦੀ ਸੰਖਿਆ।

## ਚਾਲੂ ਖਾਤੇ

- ✓ ਚਾਲੂ ਖਾਤਿਆਂ ਨੂੰ ਵਿਅਕਤੀਆਂ, ਸੁਆਮੀਤਵ ਫਰਮਾਂ, ਸਾਂਝੀਦਾਰੀ ਫਰਮਾਂ, ਪ੍ਰਾਈਵੇਟ ਅਤੇ ਪਬਲਿਕ ਲਿਮਟਡ ਕੰਪਨੀਆਂ, ਐਚਯੂਐਫ, ਸੁਸਾਇਟੀਆਂ ਅਤੇ ਟ੍ਰਸਟਾਂ ਦੁਆਰਾ ਖੋਲ੍ਹਿਆ ਜਾ ਸਕਦਾ ਹੈ।
- ✓ ਚਾਲੂ ਖਾਤੇ ਵਿੱਚ ਰੱਖੇ ਕ੍ਰੈਡਿਟ ਬੈਲੈਂਸ ਤੇ ਕੋਈ ਵਿਆਜ ਅਦਾ ਨਹੀਂ ਕੀਤਾ ਜਾਂਦਾ।
- ✓ ਐਗਜ਼ੀਕਿਊਟਰਾਂ, ਐਡਮਿਨਿਸਟ੍ਰੇਟਰਾਂ, ਟ੍ਰਸਟੀਆਂ ਅਤੇ ਲਿਕਵੀਡੇਟਰਾਂ ਆਦਿ ਜਿਹੇ ਖਾਸ ਤਰ੍ਹਾਂ ਦੇ ਚਾਲੂ ਖਾਤਿਆਂ ਨੂੰ ਖੋਲ੍ਹਣ ਲਈ ਸ਼ਾਖਾ ਦੇ ਕਾਰੋਬਾਰੀ ਲੀਡਰ ਨੂੰ ਸੰਪਰਕ ਕੀਤਾ ਜਾ ਸਕਦਾ ਹੈ ਜੋ ਇਸ ਤਰ੍ਹਾਂ ਦੇ ਖਾਤਿਆਂ ਨੂੰ ਖੋਲ੍ਹਣ ਵਿੱਚ ਮਦਦ ਕਰੇਗਾ।

- ✓ ਜੇ ਗਾਹਕ ਦੁਆਰਾ ਲਗਾਤਾਰ 2 ਸਾਲਾਂ ਦੀ ਅਵਧੀ ਲਈ ਖਾਤੇ ਰਾਹੀਂ ਕੋਈ ਕਾਰਜ-ਵਿਹਾਰ ਨਹੀਂ ਕੀਤਾ ਜਾਂਦਾ ਹੈ ਤਾਂ ਖਾਤੇ ਨੂੰ ਡੋਰਮੈਂਟ (ਸੁਸਤ) ਖਾਤਾ ਸਮਝਿਆ ਜਾਵੇਗਾ।
- ✓ ਖਾਤਾ ਧਾਰਕ ਨੂੰ ਸਮੇਂ ਸਮੇਂ ਤੇ ਬੈਂਕ ਦੀਆਂ ਲਾਗਤਾਂ ਅਨੁਸੂਚੀਆਂ ਵਿੱਚ ਦਿੱਤੇ ਮੁਤਾਬਕ ਖਾਤੇ ਵਿੱਚ ਨਿਸ਼ਚਤ ਘੱਟੋ-ਘੱਟ ਔਸਤਨ ਤਿਮਾਹੀ ਬੈਲੈਂਸ ਰੱਖਣਾ ਚਾਹੀਦਾ ਹੈ। ਇਸਦੀ ਉਲੰਘਣਾ ਕੀਤੇ ਜਾਣ ਤੇ ਸੇਵਾ ਲਾਗਤਾਂ ਲਗਾਈਆਂ ਜਾਣਗੀਆਂ। ਔਸਤਨ ਤਿਮਾਹੀ ਬੈਲੈਂਸ (ਏ.ਕਿਊ.ਬੀ.) ਨੂੰ ਵਿੱਤੀ ਤਿਮਾਹੀ (ਅਪ੍ਰੈਲ-ਜੂਨ, ਜੁਲਾਈ-ਸਤੰਬਰ, ਅਕਤੂਬਰ-ਦਸੰਬਰ, ਜਨਵਰੀ-ਮਾਰਚ) ਦੀ ਅਵਧੀ ਲਈ ਖਾਤੇ ਵਿੱਚ ਦਿਨ ਦੇ ਆਖਿਰ (ਈ.ਓ.ਡੀ.) ਤਕ ਬੈਲੈਂਸ ਦੀ ਔਸਤ ਦੇ ਮੁਤਾਬਕ ਗਿਣਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਜਿਵੇਂ - (ਈ.ਓ.ਡੀ. ਬੈਲੈਂਸ ਦਿਨ 1+ਈ.ਓ.ਡੀ. ਬੈਲੈਂਸ ਦਿਨ 2....)/ਵਿੱਤੀ ਤਿਮਾਹੀ ਵਿੱਚ ਦਿਨਾਂ ਦੀ ਸੰਖਿਆ।

## ਗਲੋਬਲ ਇੰਡੀਅਨ ਬੈਂਕਿੰਗ

- ✓ ਅਪ੍ਰਵਾਸੀ ਬਚਤ ਬੈਂਕ ਖਾਤਿਆਂ ਨੂੰ ਐਨਆਰਆਈ ਲੋਕਾਂ, ਪੀਆਈਓ, ਭਾਰਤ ਤੋਂ ਬਾਹਰ ਪੜ੍ਹ ਰਹੇ ਵਿਦਿਆਰਥੀਆਂ ਵਿੱਚ ਪੈਸੇ ਦੀ ਬਚਤ ਕਰਨ ਦੀ ਆਦਤ ਨੂੰ ਆਪਣੇ ਜ਼ੇਹਨ ਵਿੱਚ ਬਿਠਾਉਣ ਅਤੇ ਭਵਿੱਖ ਵਿੱਚ ਆਉਣ ਵਾਲੀ ਪੈਸੇ ਦੀ ਲੋੜ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਬਣਾਇਆ ਗਿਆ ਹੈ।
- ✓ ਭਾਰਤੀ ਰੁਪਏ ਵਿੱਚ ਕਾਇਮ ਨਾਨ-ਰੈਜ਼ਿਡੈਂਟ ਐਕਸਟਰਨਲ (ਐਨਆਰਈ) ਅਤੇ ਨਾਨ-ਰੈਜ਼ਿਡੈਂਟ ਆਰਡਨਰੀ (ਐਨਆਰਓ) ਖਾਤਿਆਂ ਨੂੰ ਖਾਸ ਲੋੜਾਂ ਲਈ ਖੋਲ੍ਹਿਆ ਜਾ ਸਕਦਾ ਹੈ। ਇਨ੍ਹਾਂ ਖਾਤਿਆਂ ਵਿੱਚੋਂ ਪੈਸਾ ਵਿਦੇਸ਼ ਭੀਤਰੀ ਭਿਜਵਾਈਆਂ/ਚੈੱਕਾਂ/ਡੇਬਿਟ/ਏਟੀਐਮ ਕਾਰਡ/ਇੰਟਰਨੈੱਟ ਬੈਂਕਿੰਗ ਰਾਹੀਂ ਜਮਾਂ ਕੀਤਾ/ਕਢਵਾਇਆ ਜਾ ਸਕਦਾ ਹੈ।
- ✓ ਨਾਨ-ਰੈਜ਼ਿਡੈਂਟ ਐਕਸਟਰਨਲ (ਐਨਆਰਈ) ਜਮਾਂ ਖਾਤਿਆਂ ਨੂੰ ਵਿਦੇਸ਼ੀ ਬੈਂਕ ਰਾਹੀਂ ਭਾਰਤ ਵਿੱਚ ਭੇਜੇ ਗਏ ਪੈਸੇ ਨਾਲ ਖੋਲ੍ਹਿਆ ਜਾ ਸਕਦਾ ਹੈ। ਇਹ ਵਿਦੇਸ਼ ਭੇਜਣ ਯੋਗ ਖਾਤਾ ਹੈ ਅਤੇ ਇਸ ਵਿੱਚ ਕਿਸੇ ਹੋਰ ਐਨਆਰਈ ਖਾਤੇ ਜਾਂ ਐਫਸੀਐਨਆਰ (ਬੀ) ਖਾਤੇ ਤੋਂ ਪੈਸਾ ਭੇਜਣ ਦੀ ਵੀ ਇਜਾਜ਼ਤ ਹੈ। ਐਨਆਰਈ ਖਾਤਿਆਂ ਵਿੱਚੋਂ ਰਾਸ਼ਟਰੀ ਭੁਗਤਾਨ ਮੁਫਤ ਕੀਤੇ ਜਾ ਸਕਦੇ ਹਨ।
- ✓ ਨਾਨ-ਰੈਜ਼ਿਡੈਂਟ ਆਰਡਨਰੀ (ਐਨਆਰਓ) ਜਮਾਂ ਖਾਤਿਆਂ ਨੂੰ ਰਾਸ਼ਟਰੀ ਪ੍ਰਮਾਣਕ ਕਾਰਜ-ਵਿਹਾਰਾਂ ਤੋਂ ਧਨ ਇਕੱਤਰ ਕਰਨ ਲਈ ਖੋਲ੍ਹਿਆ ਜਾ ਸਕਦਾ ਹੈ। ਹਾਲਾਂਕਿ ਐਨਆਰਓ ਜਮਾਂ ਖਾਤਿਆਂ ਦਾ ਸਿਧਾਂਤ ਵਿਦੇਸ਼ ਭੇਜਣ ਯੋਗ ਨਹੀਂ ਹੈ, ਪਰ ਆਰਬੀਆਈ ਹਿਦਾਇਤਾਂ ਦੇ ਮੁਤਾਬਕ ਐਨਆਰਓ ਬੈਲੈਂਸ/ਭਾਰਤ ਵਿੱਚ ਪਈਆਂ ਸੰਪੱਤੀਆਂ ਦੀ ਵਿਕਰੀ ਕਾਰਵਾਈਆਂ ਵਿੱਚੋਂ 1 ਮਿਲਿਅਨ ਡਾਲਰ ਪ੍ਰਤੀ ਕੈਲੰਡਰ ਵਰ੍ਹੇ ਤਕ ਕਮਾਈ ਚਾਲੂ ਆਮਦਨੀ ਅਤੇ ਵਿਆਜ ਵਿਦੇਸ਼ ਭੇਜਣ ਯੋਗ ਹੈ।
- ✓ ਐਨਆਰਈ/ਐਫਸੀਐਨਆਰ (ਬੀ) ਦੀਆਂ ਵਿਆਜ ਦਰਾਂ ਨਿਆਮਕ ਅਧਿਕਾਰੀਆਂ ਦੁਆਰਾ ਨਿਰਧਾਰਤ ਕੀਤੇ ਜਾਣ ਦੇ ਮੁਤਾਬਕ ਹੁੰਦੀਆਂ ਹਨ ਅਤੇ ਸ਼ਾਖਾਵਾਂ ਅਤੇ ਬੈਂਕ ਦੀ ਵੈੱਬਸਾਈਟ ਤੇ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ।
- ✓ 1 ਲੱਖ ਰੁਪਏ ਤਕ ਰੁਜ਼ਾਨਾ ਕਲੋਜ਼ਿੰਗ ਬੈਲੇਂਸ 'ਤੇ 6% ਸਲਾਨਾ ਅਤੇ 1 ਲੱਖ ਤੋਂ ਵੱਧ ਰੁਪਇਆਂ ਦੇ ਰੁਜ਼ਾਨਾ ਕਲੋਜ਼ਿੰਗ ਬੈਲੇਂਸ 'ਤੇ 7% ਸਲਾਨਾ ਵਿਆਜ ਵਰਤਮਾਨ ਸਮੇਂ ਤੇ ਤਿਮਾਹੀ ਆਧਾਰ ਉੱਤੇ ਦਿੱਤਾ ਜਾਂਦਾ ਹੈ ਅਤੇ ਨਜ਼ਦੀਕੀ ਰੁਪਏ ਤੇ ਰਾਊਂਡ ਆਫ ਕੀਤਾ ਜਾਂਦਾ ਹੈ, ਬਸ਼ਰਤੇ ਇਹ ਘੱਟੋ-ਘੱਟ 1 ਰੁਪਇਆ ਹੋ ਜਾਏ।
- ✓ ਜੇ ਗਾਹਕ ਦੁਆਰਾ ਲਗਾਤਾਰ 2 ਸਾਲ ਦੀ ਅਵਧੀ ਲਈ ਖਾਤੇ ਰਾਹੀਂ ਕੋਈ ਕਾਰਜ-ਵਿਹਾਰ ਨਹੀਂ ਕੀਤਾ ਜਾਂਦਾ ਹੈ ਤਾਂ ਖਾਤੇ ਨੂੰ ਡੋਰਮੈਂਟ (ਸੁਸਤ) ਖਾਤਾ ਸਮਝਿਆ ਜਾਵੇਗਾ।
- ✓ ਖਾਤਾ ਧਾਰਕ ਨੂੰ ਸਮੇਂ ਸਮੇਂ ਤੇ ਬੈਂਕ ਦੀਆਂ ਲਾਗਤਾਂ ਅਨੁਸੂਚੀਆਂ ਵਿੱਚ ਦਿੱਤੇ ਮੁਤਾਬਕ ਖਾਤੇ ਵਿੱਚ ਨਿਸ਼ਚਤ ਘੱਟੋ-ਘੱਟ ਔਸਤਨ ਤਿਮਾਹੀ ਬੈਲੈਂਸ ਰੱਖਣਾ ਚਾਹੀਦਾ ਹੈ। ਇਸਦੀ ਉਲੰਘਣਾ ਕੀਤੇ ਜਾਣ ਤੇ ਸੇਵਾ ਲਾਗਤਾਂ ਲਗਾਈਆਂ ਜਾਣਗੀਆਂ। ਔਸਤਨ ਤਿਮਾਹੀ ਬੈਲੈਂਸ (ਏ.ਕਿਊ.ਬੀ.) ਨੂੰ ਵਿੱਤੀ ਤਿਮਾਹੀ (ਅਪ੍ਰੈਲ-ਜੂਨ, ਜੁਲਾਈ-ਸਤੰਬਰ, ਅਕਤੂਬਰ-ਦਸੰਬਰ, ਜਨਵਰੀ-ਮਾਰਚ) ਦੀ ਅਵਧੀ ਲਈ ਖਾਤੇ ਵਿੱਚ ਦਿਨ ਦੇ ਆਖਿਰ (ਈ.ਓ.ਡੀ.) ਤਕ ਬੈਲੈਂਸ ਦੀ ਔਸਤ ਦੇ ਮੁਤਾਬਕ ਗਿਣਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਜਿਵੇਂ - (ਈ.ਓ.ਡੀ. ਬੈਲੈਂਸ ਦਿਨ 1+ਈ.ਓ.ਡੀ. ਬੈਲੈਂਸ ਦਿਨ 2....)/ਵਿੱਤੀ ਤਿਮਾਹੀ ਵਿੱਚ ਦਿਨਾਂ ਦੀ ਸੰਖਿਆ।

## ਨਿਸ਼ਚਤ ਅਵਧੀ ਲਈ ਪੈਸਾ ਜਮਾਂ ਕਰਵਾਉਣ ਵਾਲੇ (ਟਰਮ ਡਿਪੋਜ਼ਿਟ) ਖਾਤੇ

- ✓ ਸ਼ਾਖਾ ਦੇ ਕਰਮਚਾਰੀ ਤੁਹਾਨੂੰ ਵਧੇਰੇ ਵੇਰਵੇ ਦੱਸਣ ਲਈ ਤੁਹਾਡਾ ਸੁਆਗਤ ਕਰਣਗੇ ਅਤੇ ਤੁਹਾਡੀ ਲੋੜ ਦੇ ਮੁਤਾਬਕ ਵੱਖ-ਵੱਖ ਜਮਾਂ ਯੋਜਨਾਵਾਂ ਵਿੱਚ ਨਿਵੇਸ਼ ਦੇ ਖੇਤਰ ਵਿੱਚ ਮਦਦ ਕਰਨ ਵਜੋਂ ਖੁਸ਼ੀ ਵੀ ਮਹਿਸੂਸ ਕਰਣਗੇ।
- ✓ ਟਰਮ ਡਿਪੋਜ਼ਿਟ ਖਾਤਿਆਂ ਨੂੰ ਵਿਅਕਤੀਆਂ, ਸਾਂਝੇਦਾਰੀ ਫਰਮਾਂ, ਸੁਆਮੀਤਵ ਫਰਮਾਂ, ਪ੍ਰਾਈਵੇਟ ਅਤੇ ਪਬਲਿਕ ਨਿਜੀ ਕੰਪਨੀਆਂ, ਐਚਯੂਐਫ/ਨਿਰਧਾਰਤ ਸਹਿਯੋਗੀਆਂ ਆਦਿ ਦੁਆਰਾ ਖੋਲ੍ਹਿਆ ਜਾ ਸਕਦਾ ਹੈ।
- ✓ ਕੁਝ ਟਰਮ ਡਿਪੋਜ਼ਿਟ ਯੋਜਨਾਵਾਂ ਵਰਿਸ਼ਠ ਨਾਗਰਿਕਾਂ ਨੂੰ ਉੱਚ ਵਿਆਜ ਦਰਾਂ ਪ੍ਰਦਾਨ ਕਰ ਸਕਦੀਆਂ ਹਨ।
- ✓ ਜਿਸ ਅਵਧੀ ਲਈ ਪੈਸਾ ਜਮ੍ਹਾਂ ਕਰਵਾਇਆ ਗਿਆ ਹੈ ਉਸ ਲਈ ਲਾਗੂ ਵਿਆਜ ਦਰ ਤੇ ਜਾਂ ਤੈਅਸ਼ੁਦਾ ਦਰ ਤੇ, ਜੋ ਵੀ ਘੱਟ ਹੋਵੇ, ਸਮੇਂ ਤੋਂ ਪਹਿਲਾਂ ਪੈਸਾ ਕਢਵਾਉਣ ਦੀ ਇਜਾਜ਼ਤ ਹੈ, ਜਦ ਤਕ ਨਿਰਧਾਰਤ ਨਾ ਕੀਤਾ ਗਿਆ ਹੋਵੇ, ਹਾਲਾਂਕਿ, 7 ਦਿਨਾਂ ਤੋਂ ਘੱਟ ਸਮੇਂ ਲਈ ਬੈਂਕ ਕੋਲ ਜਮਾਂ ਰਕਮ ਵਿੱਚੋਂ ਸਮੇਂ ਤੋਂ ਪਹਿਲਾਂ ਪੈਸਾ ਕਢਵਾਉਣ ਤੇ ਕੋਈ ਵਿਆਜ ਅਦਾ ਨਹੀਂ ਕੀਤਾ ਜਾਵੇਗਾ।
- ✓ 15 ਲੱਖ ਰੁ. ਤੋਂ ਘੱਟ ਦੀ ਇੱਕੋ ਟਰਮ ਡਿਪੋਜ਼ਿਟ ਨੂੰ ਸਮੇਂ ਤੋਂ ਪਹਿਲਾਂ ਕਢਵਾਉਣ ਦੇ ਮਾਮਲੇ ਵਿੱਚ ਕੋਈ ਜੁਰਮਾਨਾ ਲਾਗੂ ਨਹੀਂ ਹੁੰਦਾ।
- ✓ ਟਰਮ ਡਿਪੋਜ਼ਿਟ ਦੇ ਪੁੱਗ ਜਾਣ ਤੇ ਬੇਨਤੀ ਕਰਨ ਤੇ ਇਸਨੂੰ ਨਵੀਨੀਕ੍ਰਿਤ ਕੀਤਾ ਜਾ ਸਕਦਾ ਹੈ ਅਤੇ ਵਿਆਜ ਦਾ ਭੁਗਤਾਨ ਬੈਂਕ ਦੁਆਰਾ ਸਮੇਂ ਸਮੇਂ ਤੇ ਨਿਰਣਾ ਕੀਤੇ ਮੁਤਾਬਕ ਉਸੇ ਅਵਧੀ ਲਈ ਪ੍ਰਚਲਿਤ ਦਰਾਂ ਤੇ ਕੀਤਾ ਜਾਂਦਾ ਹੈ। ਨਿਰਧਾਰਤ ਹਿਦਾਇਤਾਂ ਨਾ ਦਿੱਤੇ ਜਾਣ ਦੇ ਮਾਮਲੇ ਵਿੱਚ, ਡਿਪੋਜ਼ਿਟਾਂ ਨੂੰ ਉਸੇ ਅਵਧੀ ਲਈ ਜਾਂ ਪਰਿਪਕਤਾ ਦੇ ਸਮੇਂ ਪ੍ਰਚਲਿਤ ਵਿਆਜ ਦਰਾਂ ਤੇ ਲਾਗੂ ਨਿਯਮਾਂ ਦੇ ਮੁਤਾਬਕ ਸਵੈਚਲਤ ਢੰਗ ਨਾਲ ਨਵੀਨੀਕ੍ਰਿਤ ਕਰ ਦਿੱਤਾ ਜਾਵੇਗਾ।
- ✓ ਵਿਆਜ ਦਰਾਂ ਪ੍ਰਤੀ ਵਰ੍ਹੇ ਦੇ ਮੁਤਾਬਕ ਲਗਾਈਆਂ ਜਾਣਗੀਆਂ ਅਤੇ ਵਰ੍ਹੇ ਵਿੱਚ ਦਿਨਾਂ ਦੀ ਸੰਖਿਆ ਵਾਸਤਵਿਕ ਆਧਾਰ ਤੇ ਲਿੱਤੀ ਜਾਂਦੀ ਹੈ (ਜਿਵੇਂ ਲੀਪ ਵਰ੍ਹੇ ਵਿੱਚ 366 ਦਿਨ ਹੁੰਦੇ ਹਨ)।
- ✓ ਜਮਾਂ ਰਕਮ ਤੇ ਵਿਆਜ਼ ਤਿਮਾਹੀ ਜਾਂ ਸੰਯੋਜਿਤ ਤਿਮਾਹੀ (ਜਿਵੇਂ ਵਿਆਜ ਦਾ ਪੁਨਰ-ਨਿਵੇਸ਼) ਜਾਂ ਛੂਟ ਮੁੱਲ ਤੇ ਮਹੀਨੇਵਾਰ ਜਾਂ ਜਮਾਂ ਕਰਵਾਉਣ ਵਾਲੇ ਦੀ ਪਸੰਦ ਦੇ ਮੁਤਾਬਕ ਪਰਿਪਕਤਾ ਦੀ ਤਾਰੀਖ ਤੇ ਦੇਣਯੋਗ ਹੁੰਦਾ ਹੈ।
- ✓ ਵਿਆਜ ਦਰਾਂ ਸਮੇਂ ਸਮੇਂ ਤੇ ਬਦਲੀਆਂ ਜਾਂਦੀਆਂ ਹਨ ਅਤੇ ਜਨਤਾ ਦੀ ਜਾਣਕਾਰੀ ਲਈ ਸ਼ਾਖਾਵਾਂ ਵਿੱਚ ਅਤੇ ਬੈਂਕ ਦੀ ਵੈੱਬਸਾਈਟ ਤੇ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ।
- ✓ ਤਬਦੀਲੀ ਹੋਈਆ ਵਿਆਜ ਦਰਾਂ ਸਿਰਫ ਨਵੀਨੀਕ੍ਰਿਤ ਡਿਪੋਜ਼ਿਟਾਂ ਅਤੇ ਹਾਲੀਆਂ ਡਿਪੋਜ਼ਿਟਾਂ ਤੇ ਲਾਗੂ ਹੁੰਦੀਆਂ ਹਨ ਹਾਲਾਂਕਿ ਮੌਜੂਦਾ ਡਿਪੋਜ਼ਿਟ ਤੈਹਸ਼ੁਦਾ ਦਰਾਂ ਤੇ ਹੀ ਵਿਆਜ ਪ੍ਰਾਪਤ ਕਰਦੇ ਰਹਿਣਗੇ।
- ✓ ਜਮਾਂ ਰਕਮਾਂ ਤੇ ਵਿਆਜ, ਪ੍ਰਤੀ ਜਮਾਕਰਤਾ, ਪ੍ਰਤੀ ਵਿੱਤੀ ਸਾਲ ਆਮਦਨੀ ਕਰ ਅਧਿਕਰਨਾਂ ਦੁਆਰਾ ਤੈਅਸ਼ੁਦਾ ਦਰਾਂ ਤੇ ਟੈਕਸ ਡਿਡਕਸ਼ਨ ਐਟ ਸੋਰਸ (ਟੀਡੀਐਸ) ਦੇ ਅਧੀਨ ਹੈ।
- ✓ ਜਮਾਂਕਰਤਾ ਆਪਣੀ ਜਮਾਂ ਰਕਮ ਤੇ ਬਗੈਰ ਕਰ ਕਟੌਤੀ ਦੇ ਵਿਆਜ ਪ੍ਰਾਪਤ ਕਰਨ ਲਈ ਤਰਜੀਹੀ ਤੌਰ ਤੇ ਵਿੱਤੀ ਵਰ੍ਹੇ ਦੀ ਸ਼ੁਰੂਆਤ ਤੇ ਫਾਰਮ ਨੰ. 15 ਐਚ ਵਿੱਚ ਬਿਓਰਾ ਪੇਸ਼ ਕਰ ਸਕਦਾ ਹੈ।
- ✓ ਬੈਂਕ ਕਰ ਕਟੌਤੀ ਲਈ ਟੀਡੀਐਸ ਸਰਟੀਫਿਕੇਟ ਪ੍ਰਦਾਨ ਕਰੇਗਾ।
- ✓ ਸਵੀਪ-ਇਨ ਬਚਤ/ਚਾਲੂ ਖਾਤੇ ਨੂੰ ਟਰਮ ਡਿਪੋਜ਼ਿਟ ਨਾਲ ਜੋੜਣ ਦੀ ਇੱਕ ਸੁਵਿਧਾ ਹੈ। ਨਾਕਾਫੀ ਬੈਲੈਂਸ ਦੇ ਮਾਮਲੇ ਵਿੱਚ, ਲਿੰਕਡ ਟਰਮ ਡਿਪੋਜ਼ਿਟ ਨੂੰ ਸਮੇਂ ਤੋਂ ਪਹਿਲਾਂ ਹੀ ਤੋੜ ਦਿੱਤਾ ਜਾਵੇਗਾ। ਲਾਸਟ ਇਨ ਫਸਟ ਆਊਟ (ਸਵੀਪ-ਇਨ ਵਿੱਚ ਸਥਾਪਤ) ਅਤੇ ਲੋੜੀਂਦੀ ਰਕਮ ਬਚਤ/ਚਾਲੂ ਖਾਤੇ ਵਿੱਚ ਭੇਜ ਦਿੱਤੀ ਜਾਂਦੀ ਹੈ।
- ✓ ਟਰਮ ਡਿਪੋਜ਼ਿਟ ਦੇ ਸਹਾਰੇ ਰਿਣ ਲੈਣ ਦੀ ਇਜਾਜ਼ਤ ਇੱਕ ਨਿਸ਼ਚਤ ਸੀਮਾ ਤਕ ਹੈ ਅਤੇ ਨਿਰਧਾਰਤ ਦਰਾਂ ਤੇ ਵਿਆਜ ਦੀ ਵਸੂਲੀ ਕਰਕੇ ਮਨਜ਼ੂਰੀ ਦਿੱਤੀ ਜਾ ਸਕਦੀ ਹੈ।
- ✓ ਸੰਯੁਕਤ ਨਾਵਾਂ ਤੇ ਕਰਵਾਏ ਗਏ ਟਰਮ ਡਿਪੋਜ਼ਿਟ –
  - ● ਟਰਮ ਡਿਪੋਜ਼ਿਟ ਦਾ ਸਮੇਂ ਤੋਂ ਪਹਿਲਾਂ ਮੁੜ ਭੁਗਤਾਨ ਕਰਨ ਦੀ ਇਜਾਜ਼ਤ ਸਿਰਫ ਸਾਰੇ ਸੰਯੁਕਤ ਜਮਾਕਰਤਾਵਾਂ ਦੁਆਰਾ ਹਸਤਾਖਰ ਕੀਤੀ ਅਰਜ਼ੀ ਤੋਂ ਬਾਅਦ ਹੀ ਦਿੱਤੀ ਜਾ ਸਕਦੀ ਹੈ। 'ਦੋਹਾਂ ਵਿੱਚੋਂ ਇੱਕ ਜਾਂ ਉੱਤਰਜੀਵੀ ਨੂੰ ਭੁਗਤਾਨਯੋਗ' ਆਦੇਸ਼-ਪੱਤਰ ਸਿਰਫ ਡਿਪੋਜ਼ਿਟ ਦੀ ਪਰਿਪਕਤਾ ਦੇ ਸਮੇਂ ਤੇ ਲਾਗੂ ਹੁੰਦਾ ਹੈ।
  - ● ਜੇ ਟਰਮ ਡਿਪੋਜ਼ਿਟ ਦੇ ਸਹਾਰੇ ਰਿਣ ਲਿੱਤਾ ਜਾਂਦਾ ਹੈ; ਰਿਣ ਅਰਜ਼ੀ ਤੇ ਸਾਰੇ ਸੰਯੁਕਤ ਜਮਾਕਰਤਾਵਾਂ ਦੇ ਹਸਤਾਖਰ ਹੋਣੇ ਚਾਹੀਦੇ ਹਨ।

## ਆਪਣੇ ਗਾਹਕਾਂ ਨੂੰ ਜਾਣੋ ਹਿਦਾਇਤਾਂ

- ✓ ਬੈਂਕ ਦੀ 'ਆਪਣੇ ਗਾਹਕਾਂ ਨੂੰ ਜਾਣੋ (ਕੇਵਾਈਸੀ)' ਨੀਤੀ ਹੈ ਜੋ ਭਾਰਤੀ ਰਿਜ਼ਰਵ ਬੈਂਕ ਦੇ ਨਿਯਮਾਂ ਦੇ ਮੁਤਾਬਕ ਹੈ।
- ✓ ਬੈਂਕ ਦਾ ਕੇਵਾਈਸੀ ਫਲਸਫਾ ਬੈਂਕ ਨੂੰ ਸੋਚੇ-ਸਮਝੇ ਜਾਂ ਬਗੈਰ ਸੋਚੇ-ਸਮਝੇ ਕਾਲੇ ਧਨ ਨੂੰ ਜਾਇਜ਼ ਠਹਿਰਾਉਣ ਜਾਂ ਦਹਿਸ਼ਤਗਰਦਾਂ ਦੀਆਂ ਵਿੱਤੀ ਕਿਰਿਆਵਾਂ ਲਈ ਅਪਰਾਧਕ ਤੱਤਾਂ ਦੁਆਰਾ ਵਰਤੇ ਜਾਣ ਤੋਂ ਰੋਕਣ ਲਈ ਹੈ। ਇਸ ਨੀਤੀ ਦਾ ਉਦੇਸ਼ ਬੈਂਕ ਨੂੰ ਆਪਣੇ ਗਾਹਕਾਂ ਅਤੇ ਉਨ੍ਹਾਂ ਦੇ ਵਿੱਤੀ ਕਾਰਜ-ਵਿਹਾਰਾਂ ਨਾਲ ਬੇਹਤਰੀ ਨਾਲ ਜਾਣੂ ਕਰਾਉਣ ਅਤੇ ਸਮਝਣ ਲਈ ਸਮਰੱਥ ਵੀ ਬਣਾਉਣਾ ਹੈ, ਜਿਸ ਦੇ ਨਤੀਜੇ ਵਜੋਂ ਬੈਂਕ ਜਾਗਰੂਕਤਾ ਦੇ ਨਾਲ ਆਪਣੇ ਜੋਖਮਾਂ ਤੇ ਨਿਯੰਤ੍ਰਣ ਪਾਉਣ ਵਿੱਚ ਮਦਦਗਾਰ ਹੋਵੇਗਾ।
- ✓ ਬੈਂਕ ਢੁਕਵੀਆਂ ਕੇਵਾਈਸੀ ਪ੍ਰਕਿਰਿਆਵਾਂ ਅਤੇ ਅੰਦਰੂਨੀ ਨਿਯੰਤ੍ਰਣ ਮਾਪਦੰਡਾਂ ਨੂੰ ਅਪਣਾਉਂਦਾ ਹੈ, ਗਾਹਕਾਂ ਦੀ ਸਹੀ ਪਛਾਣ ਨੂੰ ਨਿਰਧਾਰਤ ਅਤੇ ਪਰਮਾਣਤ ਕਰਨ ਲਈ ਅਜਿਹਾ ਕਰਦਾ ਹੈ, ਜੋ ਸਬੰਧ ਸਥਾਪਤ ਕਰਦੇ ਹਨ, ਖਾਤੇ ਖੋਲਦੇ ਹਨ ਜਾਂ ਬੈਂਕ ਦੇ ਨਾਲ ਜ਼ਰੂਰੀ ਕਾਰੋਬਾਰੀ ਕਾਰਜ-ਵਿਹਾਰਾਂ ਨੂੰ ਸੰਚਾਲਤ ਕਰਦੇ ਹਨ।
- ✓ ਖਾਤਾ ਖੋਲਦੇ ਸਮੇਂ, ਬੈਂਕ ਕਨੂੰਨੀ ਪਛਾਣ ਸਥਾਪਤ ਕਰਨ ਲਈ, ਪਤੇ ਦੀ ਤਸਦੀਕ ਕਰਨ ਲਈ ਦਸਤਾਵੇਜ਼ ਅਤੇ ਪ੍ਰਸਤਾਵਤ ਗਾਹਕ ਦੇ ਹਸਤਾਖ਼ਰ ਪ੍ਰਾਪਤ ਕਰਦਾ ਹੈ।
- ✓ ਗਾਹਕ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਸੰਕੇਤਕ ਦਸਤਾਵੇਜ਼ –
  - ਗਾਹਕ ਦੀ ਕਨੂੰਨੀ ਪਛਾਣ ਅਤੇ ਅਸਤਿਤਵ ਦਾ ਪਤਾ ਲਗਾਉਣ ਲਈ – ਪਾਸਪੋਰਟ/ਪੈਨਕਾਰਡ/ਵੋਟਰ ਪਛਾਣ ਕਾਰਡ/ਡਰਾਇਵਿੰਗ ਲਾਇਸੈਂਸ ਆਦਿ।
  - ਪਤੇ ਦੇ ਸਬੂਤ ਦੀ ਤਸਦੀਕ ਕਰਨ ਲਈ – ਟੈਲੀਫੋਨ ਦਾ ਬਿਲ/ਬੈਂਕ ਖਾਤੇ ਦਾ ਬਿਓਰਾ/ਰਾਸ਼ਨਕਾਰਡ/ਬਿਜਲੀ ਦਾ ਬਿਲ/ਪਾਸਪੋਰਟ ਆਦਿ।
  - ਹਸਤਾਖ਼ਰ ਦੇ ਸਬੂਤ ਦੇ ਤੌਰ ਤੇ – ਵੈਧ ਪਾਸਪੋਰਟ/ਪੈਨਕਾਰਡ/ਵੈਧ ਡਰਾਇਵਿੰਗ ਲਾਇਸੈਂਸ ਆਦਿ।
- ✓ ਇੱਕ ਵਿਅਕਤੀ ਦੇ ਮਾਮਲੇ ਵਿੱਚ ਉੱਪਰ ਦਿੱਤੇ ਦਸਤਾਵੇਜ਼ਾਂ ਦੇ ਨਾਲ ਤਸਵੀਰ ਵੀ ਪ੍ਰਾਪਤ ਕੀਤੀ ਜਾਂਦੀ ਹੈ।
  - ਬੈਂਕ ਅਜਿਹੇ ਕਾਰਜ-ਵਿਹਾਰਾਂ ਦੀ ਪਛਾਣ ਕਰਕੇ ਪ੍ਰਭਾਵੀ ਤਰੀਕੇ ਨਾਲ ਨਿਯੰਤ੍ਰਣ ਕਰਨ ਅਤੇ ਜੋਖਮ ਨੂੰ ਘਟਾਉਣ ਲਈ ਮੌਜੂਦਾ ਆਧਾਰ ਤੇ ਗਾਹਕਾਂ ਦੇ ਕਾਰਜ-ਵਿਹਾਰਾਂ ਦਾ ਨਿਰੀਖਣ ਵੀ ਕਰਦਾ ਹੈ ਜੋ ਕਿਰਿਆਵਾਂ ਦੀਆਂ ਨੇਮਤ ਵੰਨਗੀਆਂ ਤੋਂ ਬਾਹਰ ਹੁੰਦੇ ਹਨ।

## ਵਿੱਤੀ ਸੰਮਿਲਨ

- ✓ ਵੱਡੇ ਵਿੱਤੀ ਸੰਮਿਲਨ ਨੂੰ ਸੱਖਮ ਬਣਾਉਣ ਲਈ, ਬੈਂਕ ਘੱਟ ਤੋਂ ਘੱਟ ਬੈਲੈਂਸ ਰੱਖਣ ਦੀ ਲੋੜ ਤੋਂ ਬਗੈਰ ਚੈਕ-ਬੁਕ, ਡੇਬਿਟ/ਏਟੀਐਮ ਕਾਰਡ, ਇਟਰਨੈਟ ਬੈਂਕਿੰਗ, ਮੋਬਾਈਲ ਬੈਂਕਿੰਗ ਅਤੇ ਈ-ਮੇਲ/ਐਸਐਮਐਸ ਚੇਤਾਵਣੀਆਂ ਸਮੇਤ 'ਨੋ-ਫ੍ਰਿਲਸ' ਬਚਤ ਬੈਂਕ ਖਾਤੇ ਪ੍ਰਦਾਨ ਕਰਦਾ ਹੈ।
- ✓ ਰਾਹਨੁਮਾਈ ਸਿਧਾਂਤਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ "ਕਿਸੇ ਵੀ ਗਾਹਕ ਨੂੰ ਸਾਡੀ ਸੇਵਾਵਾਂ ਤੇ ਪਹੁੰਚ ਪ੍ਰਾਪਤ ਕਰਨ ਲਈ ਮਨਾ ਨਾ ਕੀਤਾ ਜਾਵੇ ਸਿਰਫ ਇਸ ਲਈ ਕਿਉਂਕਿ ਉਹ ਆਪਣੀ ਪਛਾਣ ਅਤੇ/ਜਾਂ ਪਤੇ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਦੇ ਸਕਦਾ/ਦੀ।"
- ✓ ਖਾਤਿਆਂ ਨੂੰ ਖਾਤਾ ਖੋਲਣ ਸਬੰਧੀ ਦਸਤਾਵੇਜ਼ਾਂ ਵਿੱਚ ਰਿਆਇਤਾਂ ਦੇ ਨਾਲ ਵੀ ਖੋਲਿਆ ਜਾ ਸਕਦਾ ਹੈ ਅਤੇ ਇਨ੍ਹਾਂ ਦੀ ਖਾਤੇ ਵਿੱਚ ਕੁਲ ਕ੍ਰੈਡਿਟ/ਬੈਲੈਂਸ ਰੱਖਣ ਦੀ ਵੱਧ ਤੋਂ ਵੱਧ ਸੀਮਾ ਹੋਵੇਗੀ।
- ✓ ਬੈਂਕ ਸਿਰਫ ਕੇਵਾਈਸੀ ਪਰਮਾਣ ਅਤੇ ਲਾਗਤਾਂ ਦੀ ਅਨੁਸੂਚੀ ਵਿੱਚ ਦੱਸੇ ਹੋਏ ਬਚਤ ਬੈਂਕ ਖਾਤਿਆਂ ਲਈ ਘੱਟੋ-ਘੱਟ ਔਸਤਨ ਤਿਮਾਹੀ ਬੈਲੈਂਸ ਦੀ ਲੋੜ ਤੇ ਰਿਆਇਤ ਹੀ ਨਹੀਂ ਦਿੰਦਾ ਸਗੋਂ ਘੱਟ ਆਮਦਨੀ ਵਾਲੇ ਗਾਹਕਾਂ ਦੇ ਵਿੱਤੀ ਭਾਰ ਨੂੰ ਘਟਾਉਣ ਲਈ ਆਪਣੀ ਲਾਗਤ ਤੇ ਗਾਹਕ ਦੀ ਤਸਵੀਰ ਖਿੱਚਣ ਅਤੇ ਕੇਵਾਈਸੀ ਦਸਤਾਵੇਜ਼ਾਂ ਦੀ ਫੋਟੋਕਾਪੀ/ਸਕੇਨ ਕਰਨ ਦਾ ਖ਼ੀਰਚਾ ਵੀ ਚੁਕਦਾ ਹੈ।

## ਨਾਮਜ਼ਦਗੀ ਸੁਵਿਧਾ

- ✓ ਨਾਮਜ਼ਦਗੀ ਸੁਵਿਧਾ ਵਿਅਕਤੀਗਤ ਸਮਰਥਤਾ ਵਿੱਚ ਖੋਲੇ ਜਾਣ ਵਾਲੇ ਖਾਤਿਆਂ ਲਈ ਉਪਲੱਬਧ ਹੈ (ਜਿਵੇਂ ਇੱਕ ਨਾਂ/ਸੰਯੁਕਤ ਨਾਂਵਾਂ ਦੇ ਖਾਤੇ ਅਤੇ ਇਸ ਦੇ ਨਾਲ ਇਕੱਲੇ ਸੁਆਮੀਤਵ ਵਾਲੇ ਖਾਤੇ) ਸਿਰਫ, ਜਿਵੇਂ ਪ੍ਰਤੀਨਿਧਤਵ ਸਮਰਥਤਾ ਵਿੱਚ ਖੋਲੇ ਗਏ ਖਾਤਿਆਂ ਲਈ ਨਹੀਂ।
- ✓ ਨਾਮਜ਼ਦਗੀ ਸਿਰਫ ਇੱਕ ਵਿਅਕਤੀ ਦੇ ਪੱਖ ਵਿੱਚ ਕੀਤੀ ਜਾ ਸਕਦੀ ਹੈ।
- ✓ ਨਾਮਜ਼ਦਗੀ ਨੂੰ ਖਾਤਾ ਧਾਰਕ ਦੁਆਰਾ ਉਸਦੇ ਜੀਵਨ ਦੇ ਕਿਸੇ ਵੀ ਸਮੇਂ ਦੌਰਾਨ ਕੀਤਾ, ਰੱਦ ਕੀਤਾ ਜਾਂ ਬਦਲਿਆ ਜਾ ਸਕਦਾ ਹੈ। ਨਾਮਜ਼ਦਗੀ, ਰੱਦ ਜਾਂ ਬਦਲਦੇ ਸਮੇਂ ਗਵਾਹੀ ਦੀ ਲੋੜ ਹੁੰਦੀ ਹੈ ਅਤੇ ਅਰਜੀ ਉੱਤੇ ਸਾਰੇ ਖਾਤਾ ਧਾਰਕਾਂ ਦੇ ਹਸਤਾਖ਼ਰ ਹੋਣੇ ਚਾਹੀਦੇ ਹਨ।
- ✓ ਜੇ ਨਾਮਜ਼ਦ ਵਿਅਕਤੀ ਦੀ ਉਮਰ 18 ਸਾਲ ਤੋਂ ਘੱਟ ਹੈ, ਜਮਾਂਕਰਤਾ ਨਾਮਜ਼ਦ ਵਿਅਕਤੀ ਦੀ ਨਾਬਾਲਗੀ ਦੇ ਦੌਰਾਨ ਉਸ ਦੀ ਮੌਤ ਹੋ ਜਾਣ ਦੇ ਮਾਮਲੇ ਵਿੱਚ ਜਮਾਂ ਕੀਤੀ ਗਈ ਰਕਮ ਨੂੰ ਪ੍ਰਾਪਤ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਵੀ ਨਿਯੁਕਤ ਕਰ ਸਕਦਾ ਹੈ।
- ✓ ਅਜਿਹੇ ਮੌਜੂਦਾ ਖਾਤਿਆਂ ਲਈ ਜਿਨ੍ਹਾਂ ਦੀ ਨਾਮਜ਼ਦਗੀ ਨਹੀਂ ਕੀਤੀ ਗਈ ਹੈ, ਖਾਤਾ-ਧਾਰਕ ਸ਼ਾਖਾਵਾਂ ਵਿੱਚ ਉਪਲੱਬਧ ਫਾਰਮ ਨੂੰ ਭਰ ਕੇ ਅਜਿਹਾ ਕਰ ਸਕਦਾ ਹੈ।

ਮ੍ਰਿਤਕ ਜਮਾਂਕਰਤਾਵਾਂ ਦੇ ਖਾਤਿਆਂ ਵਿੱਚ ਦਾਵਿਆਂ ਦੇ ਫੁਰਤੀਲੇ ਨਿਪਟਾਰੇ ਨੂੰ ਸੁਗਮ ਬਣਾਉਣ ਲਈ ਅਤੇ ਜਮਾਂਕਰਤਾਵਾਂ ਦੀ ਮੌਤ ਤੋਂ ਪਰਿਵਾਰਕ ਸਦੱਸਾਂ ਨੂੰ ਹੋਣ ਵਾਲੀ ਪਰੇਸ਼ਾਨੀ ਨੂੰ ਘਟਾਉਣ ਲਈ ਉੱਪਰਲੇ ਪ੍ਰਬੰਧ ਕੀਤੇ ਗਏ ਹਨ। ਗਾਹਕਾਂ (ਨਵੇਂ ਅਤੇ ਮੌਜੂਦਾ) ਨੂੰ ਨਾਮਜ਼ਦਗੀ ਸੁਵਿਧਾ ਦਾ ਫਾਇਦਾ ਉਠਾਉਣ ਦੀ ਸਲਾਹ ਦਿੱਤੀ ਜਾਂਦੀ ਹੈ, ਜੇ ਹੁਣ ਤਕ ਉਨ੍ਹਾਂ ਨੂੰ ਇਸ ਦਾ ਫਾਇਦਾ ਨਹੀਂ ਉਠਾਇਆ ਹੈ।

## ਸਥਾਈ ਹਿਦਾਇਤਾਂ ਅਤੇ ਇਲੈਕਟ੍ਰੌਨਿਕ ਕਲੀਅਰਿੰਗ ਸੇਵਾਵਾਂ

- ✓ ਪੂਰਵ-ਨਿਰਧਾਰਤ ਤਾਰੀਖ/ਵਾਰਵਾਰਤਾ ਤੇ ਬੈਂਕ ਦੇ ਅੰਦਰ ਕਾਇਮ ਇੱਕ ਖਾਤੇ ਤੋਂ ਦੂਜੇ ਖਾਤੇ/ਆਂ ਵਿੱਚ ਨਿਸ਼ਚਤ ਪੈਸਾ ਭੇਜਣ ਲਈ ਬੈਂਕ ਨੂੰ ਸਥਾਈ ਹਿਦਾਇਤਾਂ ਦਿੱਤੀਆਂ ਜਾ ਸਕਦੀਆਂ ਹਨ।
- ✓ ਇੱਕ ਖਾਤੇ ਵਿੱਚੋਂ ਦੂਜੇ ਬੈਂਕ ਵਿੱਚ ਮੌਜੂਦ ਦੂਜੇ ਖਾਤੇ ਵਿੱਚ ਪੈਸਾ ਸਥਾਨ-ਅੰਤਰਣ/ਭੇਜਣ ਲਈ ਬੈਂਕ ਨੂੰ ਪੂਰਵ-ਨਿਰਣਤ ਵਾਰਵਾਰਤਾ ਅਤੇ ਤਾਰੀਖਾਂ ਤੇ ਖਾਤੇ ਨੂੰ ਡੈਬਿਟ ਕਰਨ ਲਈ ਇਲੈਕਟ੍ਰੌਨਿਕ ਕਲੀਅਰਿੰਗ ਸੇਵਾਵਾਂ (ਈਸੀਐਸ) ਹਿਦਾਇਤਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਦਾ ਇਸਤੇਮਾਲ ਸੰਸਥਾਵਾਂ ਦੁਆਰਾ ਅਦਾਇਗੀਆਂ ਕਰਨ ਜਿਵੇਂ ਲਾਭਅੰਸ਼, ਵਿਆਜ, ਆਮਦਨੀ, ਪੈਂਸ਼ਨ ਆਦਿ ਲਈ ਜਾਂ ਉਪਭੋਗਤਾ ਕੰਪਨੀਆਂ ਨੂੰ ਅਦਾਇਗੀਆਂ ਕਰਨ ਜਿਹੇ ਉਦੇਸ਼ਾਂ ਲਈ ਰਕਮ ਇਕੱਠੀ ਕਰਨ ਲਈ ਜਿਵੇਂ ਟੈਲੀਫੋਨ, ਬਿਜਲੀ, ਜਾਂ ਵਸੂਲੀਆਂ ਜਿਵੇਂ, ਹਾਊਸ ਟੈਕਸ, ਪਾਣੀ ਦਾ ਟੈਕਸ ਆਦਿ ਲਈ ਜਾਂ ਵਿੱਤੀ ਸੰਸਥਾਵਾਂ/ਬੈਂਕਾਂ ਦੀਆਂ ਰਿਣ ਕਿਸ਼ਤਾਂ ਲਈ ਜਾਂ ਵਿਅਕਤੀਆਂ ਦੇ ਨੇਮਤ ਨਿਵੇਸ਼ਾਂ ਲਈ ਕੀਤਾ ਜਾ ਸਕਦਾ ਹੈ।

## ਭਿਜਵਾਈ ਸੇਵਾਵਾਂ

- ✓ ਗਾਹਕ ਨਿਮਨਲਿਖਤ ਰਾਹੀਂ ਇੱਕ ਕੇਂਦਰ ਤੋਂ ਦੂਜੇ ਕੇਂਦਰ ਪੈਸਾ ਭੇਜ ਸਕਦੇ ਹਨ।
  - ਪੇਅਬਲ ਐਟ ਪਾਰ (ਬਹੁ-ਸ਼ਹਿਰੀ ਚੈਕ) ਜਿਨ੍ਹਾਂ ਨੂੰ ਤੁਰੰਤ ਪ੍ਰਾਪਤ ਕਰਨ ਲਈ ਸਾਰੇ ਯੈਸ ਬੈਂਕ ਦੇ ਸ਼ਾਖਾ ਦਫਤਰਾਂ ਦੇ ਸਥਾਨਕ ਕਲੀਅਰਿੰਗ ਵਿੱਚ ਜਮਾਂ ਕੀਤਾ ਜਾ ਸਕਦਾ ਹੈ।

- 650 ਤੋਂ ਵੀ ਵੱਧ ਸਥਾਨਾਂ ਤੇ ਭੁਗਤਾਨ-ਯੋਗ ਡਿਮਾਂਡ ਡ੍ਰਾਫਟ
- 12000 ਸਥਾਨਾਂ ਤੇ 53000 ਬੈਂਕ ਸ਼ਾਖਾਵਾਂ ਦੇ ਖਾਤਿਆਂ ਲਈ ਨੈਸ਼ਨਲ ਇਲੈਕਟ੍ਰੋਨਿਕ ਫੰਡ ਟ੍ਰਾਂਸਫਰ (ਐਨਈਐਫਟੀ) ਅਦਾਇਗੀਆਂ
- 12000 ਸਥਾਨਾਂ ਤੇ 53000 ਬੈਂਕ ਸ਼ਾਖਾਵਾਂ ਦੇ ਖਾਤਿਆਂ ਲਈ ਰਿਅਲ ਟਾਈਮ ਗ੍ਰੋਸ ਸੈਟਲਮੈਂਟ (ਆਰਟੀਜੀਐਸ) ਅਦਾਇਗੀਆਂ
- ਭਾਰਤ ਤੋਂ ਬਾਹਰ ਪੈਸਾ ਭੇਜਣ/ਮੰਗਵਾਉਣ ਲਈ ਵਾਇਰ ਟ੍ਰਾਂਸਫਰ, ਮੌਜੂਦਾ ਤੌਰ ਤੇ 15 ਵੱਖ-ਵੱਖ ਕਰੰਸੀਆਂ ਵਿੱਚ ਉਪਲੱਬਧ ਹੈ
- ਬੈਂਕ ਦੁਆਰਾ 50000 ਤੋਂ ਘੱਟ ਨਕਦ ਦੇ ਸਹਾਰੇ ਗੈਰ-ਗਾਹਕਾਂ ਲਈ ਡਿਮਾਂਡ-ਡ੍ਰਾਫਟ ਜਾਰੀ ਕੀਤੇ ਜਾ ਸਕਦੇ ਹਨ; ਬਸ਼ਰਤੇ ਕਿ ਭੁਗਤਾਨ ਵਿਜ਼ਾ ਐਪਲੀਕੇਸ਼ਨਸ, ਸਿੱਖਿਅਕ ਸੰਸਥਾਵਾਂ, ਸਰਕਾਰੀ ਅਤੇ ਕਨੂੰਨੀ/ਨਿਆਮਕ ਏਜੰਸੀਆਂ ਲਈ ਕੀਤੇ ਜਾਣ।

## ਨਕਲੀ ਡਿਮਾਂਡ-ਡ੍ਰਾਫਟ/ਭੁਗਤਾਨ ਆਦੇਸ਼ਾਂ ਨੂੰ ਜਾਰੀ ਕਰਨਾ

- ✓ ਢੁਕਵੀਂ ਹਾਨੀ-ਪੂਰਤੀ ਦੇ ਆਧਾਰ ਤੇ ਅਤੇ ਹੁੰਡੀ ਵਾਲੀ ਸ਼ਾਖਾ ਤੋਂ ਗੈਰ-ਭੁਗਤਾਨ ਸੂਚਨਾ ਪ੍ਰਾਪਤ ਕੀਤੇ ਬਗੈਰ ਬੈਂਕ 5000 ਰੁ. ਤਕ ਦਾ ਨਕਲੀ ਡਿਮਾਂਡ-ਡ੍ਰਾਫਟ ਜਾਰੀ ਕਰੇਗਾ।
- ✓ ਗਾਹਕ ਵਲੋਂ ਬੇਨਤੀ ਪ੍ਰਾਪਤ ਕਰਨ ਦੇ 14 ਦਿਨਾਂ ਦੇ ਅੰਦਰ ਬੈਂਕ ਨਕਲੀ ਡਿਮਾਂਡ-ਡ੍ਰਾਫਟ ਜਾਰੀ ਕਰੇਗਾ। ਉੱਪਰ ਨਿਰਧਾਰਿਤ ਅਵਧੀ ਤੋਂ ਬਾਅਦ ਨਕਲੀ ਡਿਮਾਂਡ-ਡ੍ਰਾਫਟ ਜਾਰੀ ਕਰਨ ਵਿੱਚ ਦੇਰੀ ਦੇ ਮਾਮਲੇ ਵਿੱਚ, ਬੈਂਕ ਗਾਹਕ ਨੂੰ ਅਜਿਹੀਆਂ ਦੇਰੀਆਂ ਦਾ ਮੁਆਵਜ਼ਾ ਦੇਣ ਲਈ ਮੁਆਵਜ਼ਾ ਨੀਤੀ ਦੇ ਮੁਤਾਬਕ ਵਿਆਜ਼ ਦਾ ਭੁਗਤਾਨ ਕਰੇਗਾ।

## ਚੈੱਕ ਇਕੱਤਰਨ ਸੇਵਾਵਾਂ

- ✓ ਯੈੱਸ ਬੈਂਕ ਕੋਲ ਇੱਕ ਪ੍ਰਮਾਣਤ ਚੈੱਕ ਇਕਤਰਨ ਨੀਤੀ ਹੈ ਜੋ ਪ੍ਰਦਰਸ਼ਨੀ ਬੋਰਡ ਤੇ ਪ੍ਰਦਰਸ਼ਿਤ ਕੀਤੀ ਗਈ ਹੈ ਅਤੇ ਵੈਬਸਾਈਟ ਤੇ ਵੀ ਉਪਲੱਬਧ ਹੈ। ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ ਨਵੀਂ ਚੈੱਕ ਇਕਤਰਨ ਨੀਤੀ ਨੂੰ ਦੇਖੋ। ਚੈੱਕ ਇਕਤਰਨ ਨੀਤੀ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ
- ✓ ਖਾਤੇ ਵਿੱਚ ਜਮਾਂ ਚੈੱਕਾਂ ਦੇ ਇਕਤਰਨ ਲਈ ਹੇਠ ਦਿੱਤੀਆਂ ਸਮੇਂ-ਸੀਮਾਵਾਂ ਹੋਣਗੀਆਂ

| | ਚੈੱਕ ਦੀ ਕਿਸਮ | ਉਪਲੱਬਧ ਰਕਮ | ਕਾਰਜ-ਵਿਹਾਰ ਪੱਧਤੀ | ਟਿੱਪਣੀਆਂ |
|---|---|---|---|---|
| A | ਸਥਾਨਕ ਚੈੱਕ - ਐਮਆਈਸੀਆਰ ਕਲੀਅਰਿੰਗ/ਨਾਨ-ਐਮਆਈਸੀਆਰ ਕਲੀਅਰਿੰਗ | ਉਸੇ ਦਿਨ ਕ੍ਰੈਡਿਟ/ਅਗਲੇ ਦਿਨ ਕ੍ਰੈਡਿਟ (ਉਸੇ ਸ਼ਹਿਰ ਵਿੱਚ ਚੈੱਕਾਂ ਦੀ ਵਾਪਸੀ ਲਈ ਕਲੀਅਰਿੰਗ ਹਾਊਸ ਦੀ ਸਮੇਂ-ਸੀਮਾਵਾਂ ਤੇ ਨਿਰਭਰ ਕਰਦੇ ਹੋਏ ਗਾਹਕ ਦੁਆਰਾ ਕਢਵਾਉਣ ਲਈ ਕਲੀਅਰਿੰਗ ਦੀ ਰਕਮ ਉਪਲੱਬਧ ਕੀਤੀ ਜਾਵੇਗੀ। | ਕਲੀਅਰਿੰਗ ਹਾਊਸ | ਸਥਾਨਕ ਕਲੀਅਰਿੰਗ ਹਾਊਸ ਦੇ ਨਿਯਮਾਂ ਦੇ ਮੁਤਾਬਕ ਪੇਸ਼ ਕਰਨ ਵਾਲੇ ਬੈਂਕ ਦੇ ਨਾਲ-ਨਾਲ ਹੁੰਡੀ ਵਾਲੇ ਬੈਂਕ ਦੋਹਾਂ ਨੂੰ ਸਥਾਨਕ ਕਲੀਅਰਿੰਗ ਖੇਤਰ ਦੇ ਅੰਦਰ ਸਥਿਤ ਹੋਣਾ ਚਾਹੀਦਾ ਹੈ। |
| B | ਬਾਹਰਲੇ ਸ਼ਹਿਰ ਦਾ ਚੈੱਕ - ਮੈਟ੍ਰੋ ਲੋਕੇਸ਼ਨ ਵਿੱਚ ਜਮਾਂ ਕੀਤਾ ਅਤੇ ਦੂਜੇ ਮੈਟ੍ਰੋ ਲੋਕੇਸ਼ਨ ਵਿੱਚ ਭੁਗਤਾਨ ਯੋਗ (ਮੁੰਬਈ, ਚੇਨਈ, ਕੋਲਕਾਤਾ ਅਤੇ ਨਵੀਂ ਦਿੱਲੀ) | 7 ਕੰਮਕਾਜੀ ਦਿਨ | ਇਕੱਤਰਨ ਆਧਾਰ | |
| C | ਬਾਹਰਲੇ ਸ਼ਹਿਰ ਦਾ ਚੈੱਕ - ਮੈਟ੍ਰੋ ਲੋਕੇਸ਼ਨ ਤੋਂ ਇਲਾਵਾ ਯੈੱਸ ਬੈਂਕ ਦੀਆਂ ਬ੍ਰਾਂਚ ਲੋਕੇਸ਼ਨਾਂ ਤੇ ਭੁਗਤਾਨਯੋਗ | 10 ਕੰਮਕਾਜੀ ਦਿਨ | ਇਕੱਤਰਨ ਆਧਾਰ | |
| | ਬਾਹਰਲੇ ਸ਼ਹਿਰ ਦਾ ਚੈੱਕ - ਪਰਦੇਸ਼ਕ ਰਾਜਧਾਨੀਆਂ ਜਾਂ ਮੈਟ੍ਰੋ ਕੇਂਦਰਾਂ ਤੇ ਭੁਗਤਾਨਯੋਗ (ਉੱਤਰ ਪੂਰਵੀ ਪਰਦੇਸ਼ਾਂ ਅਤੇ ਸਿੱਕਿਮ ਤੋਂ ਇਲਾਵਾ) | 10 ਕੰਮਕਾਜੀ ਦਿਨ | ਇਕੱਤਰਨ ਆਧਾਰ | |
| D | ਅਜਿਹੀਆਂ ਲੋਕੇਸ਼ਨਾਂ ਤੇ ਭੁਗਤਾਨਯੋਗ ਜਿੱਥੇ ਯੈੱਸ ਬੈਂਕ ਦੀ ਕੋਈ ਸ਼ਾਖਾ ਨਹੀਂ ਹੈ। | 14 ਕੰਮਕਾਜੀ ਦਿਨ | ਇਕੱਤਰਨ ਆਧਾਰ | |

ਸ਼ਰਤਾਂ

- ਕ੍ਰੈਡਿਟ ਸਮਾਂ ਸੀਮਾਵਾਂ ਨਕਦ ਪ੍ਰਬੰਧਨ ਵਿਵਸਥਾਵਾਂ ਦੇ ਮਾਮਲੇ ਵਿੱਚ ਵੱਖ-ਵੱਖ ਹੋਣਗੀਆਂ ਅਤੇ ਇਹ ਰਜ਼ਾਮੰਦ ਵਿਵਸਥਾ ਦੇ ਮੁਤਾਬਕ ਲਾਗੂ ਹੋਣਗੀਆਂ।
- ਨਿਰਧਾਰਤ ਅੰਤਿਮ ਸੀਮਾ ਤੋਂ ਪਹਿਲਾਂ ਸ਼ਾਖਾ ਕਾਊਂਟਰਾਂ ਤੇ ਜਮਾਂ ਕੀਤੇ ਅਤੇ ਪਰਿਸਰ ਦੇ ਅੰਦਰ ਇਕੱਤਰਨ ਬਕਸਿਆਂ ਵਿੱਚ ਪਾਏ ਸਾਰੇ ਸਥਾਨਕ ਚੈੱਕਾਂ ਨੂੰ ਕਲੀਅਰਿੰਗ ਲਈ ਉਸੇ ਦਿਨ ਭੇਜਿਆ ਜਾਵੇਗਾ।

- ਅੰਤਿਮ ਸੀਮਾ ਤੋਂ ਬਾਅਦ ਅਤੇ ਆਫ-ਸਾਈਟ ਏਟੀਐਮ ਮਸ਼ੀਨਾਂ ਸਮੇਤ ਸ਼ਾਖਾ ਪਰਿਸਰ ਤੋਂ ਬਾਹਰ ਇਕੱਤਰਨ ਬਕਸਿਆਂ ਵਿੱਚ ਜਮਾਂ ਕੀਤੇ ਗਏ ਚੈੱਕਾਂ ਨੂੰ ਅਗਲੇ ਕਲੀਅਰਿੰਗ ਚੱਕਰ ਵਿੱਚ ਪੇਸ਼ ਕੀਤਾ ਜਾਵੇਗਾ।
- ਹਰ ਸ਼ਾਖਾ ਤੇ ਨਿਰਧਾਰਤ ਅੰਤਿਮ ਸੀਮਾ ਆਮ ਤੌਰ ਤੇ ਕਲੀਅਰਿੰਗ ਹਾਊਸ ਦੀ ਆਪੋ-ਆਪਣੀ ਸਮੇਂ ਸੀਮਾ ਤੋਂ ਦੋ ਘੰਟੇ ਪਹਿਲਾਂ ਦੀ ਹੁੰਦੀ ਹੈ ਅਤੇ ਇਸ ਬਾਰੇ ਹਰ ਬ੍ਰਾਂਚ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ।
- ਬਾਹਰਲੇ ਸ਼ਹਿਰਾਂ ਦੇ ਚੈੱਕ (ਅਜਿਹੇ ਸਥਾਨ ਜਿੱਥੇ ਯੈੱਸ ਬੈਂਕ ਲਿਮਿਟਡ ਦੀ ਕੋਈ ਕਲੀਅਰਿੰਗ ਸੁਵਿਧਾ ਨਹੀਂ ਹੈ) ਇਕੱਤਰਨ ਦੇ ਆਧਾਰ ਤੇ ਭੇਜੇ ਜਾਂਦੇ ਹਨ।
- ਗਾਹਕ ਢੁਕਵੇਂ ਕਢਵਾਉਣ-ਯੋਗ ਬੈਲੈਂਸ ਦੇ ਆਧਾਰ ਤੇ ਪੈਸਾ ਕਢਾ ਸਕਣਗੇ, ਜਿਵੇਂ ਹੀ ਵੱਖ-ਵੱਖ ਸਥਾਨਾਂ ਤੇ ਕਲੀਅਰਿੰਗ ਜਾਂ ਵਾਪਸੀ ਸਮੇਂ ਸੀਮਾਵਾਂ ਦੇ ਨਾਲ ਸੀਧ ਵਿੱਚ ਕਲੀਅਰ ਕੀਤੀ ਰਕਮ ਪ੍ਰਾਪਤ ਕੀਤੀ ਜਾਂਦੀ ਹੈ।

ਉੱਪਰਲੀਆਂ ਹਿਦਾਇਤਾਂ ਉਹੀ ਹਨ ਜੋ ਮਾਰਚ 09 ਵਿੱਚ ਲਾਗੂ ਕੀਤੀ ਗਈ ਯੈੱਸ ਬੈਂਕ ਦੀ ਚੈੱਕ ਇਕਤਰਨ ਨੀਤੀ ਦੇ ਮੁਤਾਬਕ ਹਨ। ਨੀਤੀ ਵਿੱਚ ਸਮੇਂ-ਸਮੇਂ ਤੇ ਬਦਲਾਵ ਕੀਤੇ ਜਾ ਸਕਦੇ ਹਨ ਅਤੇ ਇਸ ਲਈ ਤੁਹਾਨੂੰ ਨਵੀਂ ਚੈੱਕ ਇਕਤਰਨ ਨੀਤੀ ਨੂੰ ਦੇਖਣ ਦੀ ਸਲਾਹ ਦਿੱਤੀ ਜਾਂਦੀ ਹੈ ਜੋ ਵੈਬਸਾਈਟ ਤੇ ਉਪਲੱਬਧ ਕੀਤੀ ਗਈ ਹੈ।

## ਤੁਰੰਤ ਕ੍ਰੈਡਿਟ ਸੁਵਿਧਾ

✓ ਕਿਰਪਾ ਕਰਕੇ ਤੁਰੰਤ ਚੈੱਕ ਇਕਤਰਨ ਲਈ ਸਾਡੀ ਪਾਲਸੀ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਾਡੀ ਚੈੱਕ ਇਕਤਰਨ ਪਾਲਸੀ ਦੇਖੋ। ਸਾਡੀ ਚੈੱਕ ਇਕਤਰਨ ਨੀਤੀ ਨੂੰ ਪ੍ਰਦਰਸ਼ਨੀ ਬੋਰਡ ਤੇ ਪ੍ਰਦਰਸ਼ਿਤ ਕੀਤਾ ਗਿਆ ਹੈ ਅਤੇ ਇਹ ਵੈਬਸਾਈਟ ਤੇ ਵੀ ਉਪਲੱਬਧ ਹੈ।

## ਖਰਾਬ ਹੋਏ/ਹਲਕੇ ਜਿਹੇ ਖੰਡਿਤ ਕਰੰਸੀ ਨੋਟਾਂ ਦੀ ਬਦਲੀ

✓ ਬੈਂਕ ਦੀਆਂ ਸਾਰੀਆਂ ਸ਼ਾਖਾਵਾਂ ਖਰਾਬ ਹੋਏ/ਹਲਕੇ ਜਿਹੇ ਖੰਡਿਤ ਨੋਟਾਂ ਦੀ ਬਦਲੀ ਕਰਣਗੀਆਂ ਜੋ ਸਹੀ ਹਨ ਅਤੇ ਜਿਨ੍ਹਾਂ ਦੇ ਖੰਡਿਤ ਹੋਣ ਤੇ ਕੋਈ ਸ਼ੱਕ ਜਾਂ ਧੋਖੇਬਾਜੀ ਦਾ ਅੰਦੇਸ਼ਾ ਨਹੀਂ ਹੁੰਦਾ ਅਤੇ ਜੋ ਇਸ ਸਬੰਧ ਵਿੱਚ ਆਰਬੀਆਈ ਦੀਆਂ ਹਿਦਾਇਤਾਂ ਦੇ ਮੁਤਾਬਕ ਸਾਰੇ ਮੁੱਲਾਂ ਦੇ ਕਈ ਹੋਰ ਪ੍ਰਕਾਰ ਦੇ ਖੰਡਿਤ ਕਰੰਸੀ ਨੋਟ ਹਨ।

## ਸੁਰੱਖਿਅਤ ਬੈਂਕਿੰਗ ਅਨੁਭਵ ਲਈ ਗਾਹਕ ਦੀਆਂ ਚੰਗੀਆਂ ਕਾਰਜ-ਪ੍ਰਣਾਲੀਆਂ

✓ ਚੈੱਕ-ਬੁਕ/ਪਾਸ-ਬੁਕ ਦੀ ਸੁਰੱਖਿਅਤ ਨਿਗਰਾਨੀ ਨੂੰ ਯਕੀਨੀ ਬਣਾਉਣਾ

✓ ਚੈੱਕ ਉੱਤੇ ਲਿੱਖਦੇ ਸਮੇਂ ਉਸ ਦੇ ਥੱਲੇ ਕਾਰਬਨ ਦੇ ਇਸਤੇਮਾਲ ਨੂੰ ਤਰਜੀਹ ਦੇਣਾ

✓ ਜਿੱਥੋਂ ਤਕ ਹੋ ਸਕੇ ਕ੍ਰੋਸਡ/ਅਕਾਊਂਟ ਪੇਈ ਚੈੱਕਾਂ ਨੂੰ ਜਾਰੀ ਕਰਨਾ

✓ ਚੈੱਕ ਨੂੰ ਜਾਰੀ ਕਰਨ ਤੋਂ ਪਹਿਲਾਂ ਚੈੱਕ ਦੇ ਵੇਰਵੇ ਦੀ ਜਾਂਚ ਕਰਨਾ, ਭਾਵ, ਤਾਰੀਖ, ਅੱਖਰਾਂ ਅਤੇ ਆਂਕੜਿਆਂ ਵਿੱਚ ਰਕਮ, ਕਾਂਟੇ ਲਗਾਉਣਾ ਆਦਿ। ਜਿੱਥੋਂ ਤਕ ਹੋ ਸਕੇ, ਚੈੱਕ ਨੂੰ ਪੂਰਨਾਂਕ ਰਕਮ ਲਿੱਖਣ ਤੋਂ ਬਾਅਦ ਜਾਰੀ ਕਰਨਾ।

✓ ਖਾਤੇ ਦੀ ਕਿਸਮ ਲਈ ਲੋੜੀਂਦਾ ਔਸਤਨ ਘੱਟੋ-ਘੱਟ ਬੈਲੈਂਸ ਬਣਾ ਕੇ ਰੱਖਣਾ।

✓ ਜੇ ਖਾਤੇ ਵਿੱਚ ਲੋੜੀਂਦਾ ਬੈਲੈਂਸ ਨਹੀਂ ਹੈ ਤਾਂ ਚੈੱਕ ਜਾਰੀ ਨਾ ਕਰੋ, ਕਿਉਂਕਿ ਇਹ ਨੈਗੋਸ਼ਿਏਬਲ ਇਸਟਰੂਮੈਂਟ ਐਕਟ ਦੇ ਅਧੀਨ ਇੱਕ ਗਿਆਤ ਅਪਰਾਧ ਹੈ।

✓ ਖਾਤੇ ਵਿੱਚ ਲਾਜ਼ਮੀ ਕੋਈ ਸਥਾਈ ਹਿਦਾਇਤਾਂ/ਇਲੈਕਟ੍ਰੋਨਿਕ ਕਲੀਅਰਿੰਗ ਸੇਵਾ ਡੈਬਿਟ ਦੀ ਹੁੰਡੀ ਸਵੀਕਾਰ ਕਰਨ ਲਈ ਦੇਯ ਮਿਤੀ ਤੇ ਖਾਤੇ ਵਿੱਚ ਲੋੜੀਂਦੀ ਰਕਮ ਹੋਣੀ ਯਕੀਨੀ ਬਣਾਓ।

✓ ਚੈੱਕਾਂ ਜਾਂ ਕਿਸੇ ਹੋਰ ਲੇਖ ਪੱਤਰਾਂ ਨੂੰ ਰਜਿਸਟਰਡ ਡਾਕ ਜਾਂ ਕੋਰੀਅਰ ਰਾਹੀਂ ਭੇਜੋ।

✓ ਕਨੂੰਨੀ ਉੱਤਰਾਧਿਕਾਰੀਆਂ ਦੇ ਉੱਤਰਅਧਿਕਾਰ ਪ੍ਰਮਾਣ-ਪੱਤਰ ਜਾਂ ਦਾਵਿਆਂ ਦੀ ਤਸਦੀਕ ਬਾਰੇ ਪੁੱਛਣ ਤੋਂ ਬਗੈਰ ਜਮਾਂਕਰਤਾ(ਵਾਂ) ਦੀ ਮੌਤ ਦੇ ਮਾਮਲੇ ਵਿੱਚ ਨਾਮਜ਼ਦ ਵਿਅਕਤੀਆਂ ਦੇ ਬਕਾਇਆਂ ਦੇ ਨਿਪਟਾਰੇ ਨੂੰ ਸੁਗਮ ਬਣਾਉਣ ਲਈ ਨਾਮਜ਼ਦਗੀ ਸੁਵਿਧਾ ਦਾ ਇਸਤੇਮਾਲ ਕਰੋ। ਇਹ ਨਿਪਟਾਨ ਨੂੰ ਸੁਗਮ ਬਣਾਉਂਦੀ ਹੈ।

✓ ਖਾਤਾ ਨੰਬਰਾਂ, ਨਿਸ਼ਚਤ ਅਵਧੀ ਲਈ ਜਮਾਂ ਰਕਮਾਂ ਦੇ ਵੇਰਵਿਆਂ ਨੂੰ ਵੱਖ-ਵੱਖ ਨੋਟ ਕਰੋ।

✓ ਪਤੇ, ਟੈਲੀਫੋਨ ਨੰਬਰ ਆਦਿ ਵਿੱਚ ਕੋਈ ਵੀ ਤਬਦੀਲੀ ਹੋਣ ਤੇ ਸ਼ਾਖਾ ਨੂੰ ਤੁਰੰਤ ਇਸਦੇ ਵੈਧ ਸਬੂਤਾਂ ਸਮੇਤ ਸੂਚਣਾ ਦਿਓ।

✓ ਡੈਬਿਟ/ਏਟੀਐਮ ਕਾਰਡ, ਡਿਮਾਂਡ ਡ੍ਰਾਫਟ, ਚੈੱਕ ਬੁਕ/ਚੈੱਕ ਦਾ ਪੱਤਾ/ਪੱਤੇ ਆਦਿ ਦੇ ਗੁਆਚਣ ਤੇ ਸ਼ਾਖਾ/ਸੰਪਰਕ ਕੇਂਦਰ ਨੂੰ ਤੁਰੰਤ ਸੂਚਿਤ ਕਰੋ।

✓ ਕਿਸੇ ਵੀ ਕਾਰਜ-ਵਿਹਾਰ/ਭੁਗਤਾਨਾਂ ਨੂੰ ਬਾਰ-ਬਾਰ ਕਰਨ ਲਈ ਸਥਾਈ ਹਿਦਾਇਤਾਂ, ਉਪਭੋਗਤਾ ਬਿਲ ਭੁਗਤਾਨ ਅਤੇ ਇਲੈਕਟ੍ਰੋਨਿਕ ਕਲੀਅਰਿੰਗ ਸੇਵਾਵਾਂ ਦੀ ਸੁਵਿਧਾ ਦਾ ਲਾਭ ਉਠਾਓ।

✓ ਸਾਡੀਆਂ ਸੇਵਾਵਾਂ ਤੇ ਪਰਤੀ ਸੂਚਣਾ ਪ੍ਰਦਾਨ ਕਰੋ ਅਤੇ ਸੇਵਾਵਾਂ ਵਿੱਚ ਕਿਸੇ ਵੀ ਕਮੀ ਨੂੰ ਸ਼ਾਖਾ/ਸੰਪਰਕ ਕੇਂਦਰ ਦੇ ਧਿਆਨ ਵਿੱਚ ਲਿਆਓ।

✓ ਖਾਲੀ ਚੈੱਕ(ਕਾਂ) ਤੇ ਹਸਤਾਖ਼ਰ ਨਾ ਕਰੋ ਅਤੇ ਚੈੱਕ ਬੁਕ/ਪਾਸ ਬੁਕ ਤੇ ਆਪਣੇ ਪ੍ਰਤੀਰੂਪ ਹਸਤਾਖ਼ਰਾਂ ਨੂੰ ਰਿਕਾਰਡ ਨਾ ਕਰੋ।

✓ ਸ਼ਾਖਾਵਾਂ/ਏਟੀਐਮ ਮਸ਼ੀਨਾਂ ਵਿੱਚ ਚੈੱਕ ਪਾਉਣ ਵਾਲੇ ਬਕਸਿਆਂ ਵਿੱਚ ਬੰਦੋਜ ਸਮੇਂ ਸੀਮਾ ਦੇ ਅੰਦਰ ਚੈੱਕ ਜਮਾਂ ਕਰੋ। ਅਜਿਹੇ ਸਾਰੇ ਚੈੱਕ ਪਾਉਣ ਵਾਲੇ ਬਕਸਿਆਂ ਉੱਤੇ ਅੰਤਿਮ ਸੀਮਾ ਪ੍ਰਦਰਸ਼ਿਤ ਕੀਤੀ ਜਾਵੇਗੀ।

✓ ਕਿਸੇ ਦੇ ਸਾਮ੍ਹਣੇ ਆਪਣੇ ਡੈਬਿਟ/ਏਟੀਐਮ ਕਾਰਡ/ਇੰਟਰਨੈਟ ਬੈਂਕਿੰਗ ਦੇ ਪਿਨ ਦਾ ਖੁਲਾਸਾ ਨਾ ਕਰੋ; ਇੱਥੋਂ ਤਕ ਕਿ ਯੈੱਸ ਬੈਂਕ ਦੇ ਕਿਸੇ ਕਰਮਚਾਰੀ ਨੂੰ ਜਾਂ ਕਿਸੇ ਏਟੀਐਮ ਮਸ਼ੀਨ ਵਿੱਚ ਡਿਊਟੀ ਤੇ ਹੋਣ ਵਾਲੇ ਸੁਰੱਖਿਆ ਗਾਰਡ ਨੂੰ ਵੀ ਨਹੀਂ।

✓ ਕਿਸੇ ਵੀ ਦੁਰਵਰਤੋਂ ਤੋਂ ਬਚਣ ਲਈ ਕਿਰਪਾ ਕਰਕੇ ਆਪਣੇ ਕਾਰਡ ਦੇ ਹਸਤਾਖ਼ਰ ਪੈਨਲ ਉੱਤੇ ਕਿਸੇ ਨਾ ਮਿਟਣਯੋਗ ਬਾਲ ਪਵਾਇੰਟ ਪੈਨ ਦੇ ਨਾਲ ਹਸਤਾਖ਼ਰ ਕਰੋ।

✓ ਜੇ ਬੈਂਕ ਨੂੰ ਡੈਬਿਟ/ਏਟੀਐਮ ਕਾਰਡ ਵਾਪਸ ਕਰ ਜਾਂ ਦੇ ਰਹੇ ਹੋਵੋਂ, ਤਾਂ ਯਕੀਨੀ ਬਣਾਓ ਕਿ ਤੁਸੀਂ ਇਸ ਨੂੰ ਕਿਸੇ ਬੈਂਕ ਦੇ ਅਧਿਕਾਰੀ ਨੂੰ ਦਿੱਤਾ ਹੈ ਅਤੇ ਅਜਿਹਾ ਕਰਨ ਤੋਂ ਪਹਿਲਾਂ ਇਸ ਨੂੰ ਕੱਟ ਦਿੱਤਾ ਹੈ।

✓ ਤੁਹਾਡੇ ਨੈਟ ਬੈਂਕਿੰਗ ਪਾਸਵਰਡ ਦੀ ਘੱਟੋ-ਘੱਟ ਲੰਮਾਈ 8 ਅੱਖਰਾਂ ਦੀ ਹੋਣੀ ਚਾਹੀਦੀ ਹੈ। ਤੁਹਾਡਾ ਪਾਸਵਰਡ/ਪਿਨ ਜਟਿਲ ਅਤੇ ਮੁਸ਼ਕਲ ਹੋਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਇਸ ਦਾ ਅੰਦਾਜਾ ਨਾ ਲਗਾ ਸਕੇ। ਆਪਣੇ ਪਾਸਵਰਡ ਵਿੱਚ ਲੋਅਰਕੇਸ, ਅੱਪਰਕੇਸ ਦੇ ਅੱਖਰਾਂ ਅਤੇ ਨੰਬਰਾਂ ਦੇ ਸੁਮੇਲ ਦਾ ਇਸਤੇਮਾਲ ਕਰੋ।

✓ 'ਫਿਸ਼ਿੰਗ' ਯਾਨੀ ਜਾਲ ਵਿੱਚ ਫਸਾਉਣ ਵਾਲੀਆਂ ਅਜਿਹੀਆਂ ਵੈਬਸਾਈਟਾਂ ਤੋਂ ਸਾਵਧਾਨ ਰਹੋ ਜੋ ਨਿਜੀ ਜਾਣਕਾਰੀ ਦੇਣ ਦੀ ਅਰਜ਼ੀ ਕਰਦੀਆਂ ਹੋਈਆਂ ਵਿਸ਼ਾ ਜਾਂ ਈ-ਮੇਲਾਂ ਨੂੰ ਵਰਗਲਾਉਂਦੀਆਂ ਹਨ। ਅਜਿਹੀ ਦੁਰਵਰਤੋਂ ਤੋਂ ਬਚਣ ਲਈ ਕੁਝ ਚੰਗੀਆਂ ਕਾਰਜ-ਪ੍ਰਣਾਲੀਆਂ ਹੇਠ ਦਿੱਤੀਆਂ ਗਈਆਂ ਹਨ –
  - ਕਿਸੇ ਈ-ਮੇਲ ਵਿੱਚ ਦਿੱਤੇ ਲਿੰਕ ਤੇ ਕਦੇ ਵੀ ਕਲਿਕ ਨਾ ਕਰੋ – ਬ੍ਰਾਊਜ਼ਰ ਵਿੱਚ ਆਪਣੇ ਆਪ URL ਟਾਈਪ ਕਰੋ।
  - ਭੇਜਣ ਵਾਲੇ ਦੇ ਨਾਲ ਸ਼ੱਕੀ ਈ-ਮੇਲਾਂ ਦੀ ਪੁਸ਼ਟੀ ਕਰੋ।
  - ਈ-ਮੇਲਾਂ ਵਿੱਚ ਆਉਣ ਵਾਲੇ ਨੱਥੀ ਦਸਤਾਵੇਜ਼ਾਂ ਨੂੰ ਨਾ ਖੋਲੋ।
  - ਆਪਣੇ ਸਾਰੇ ਖਾਤਿਆਂ ਲਈ ਇੱਕੋ ਹੀ ਪਾਸਵਰਡ ਦੀ ਵਰਤੋਂ ਨਾ ਕਰੋ।
  - ਆਪਣੇ ਖਾਤੇ ਦੀ ਜਾਣਕਾਰੀ ਅਤੇ ਪਾਸਵਰਡ ਆਪਣੇ ਕੰਪਿਊਟਰ ਵਿੱਚ ਕਿਸੇ ਵੀ ਫਾਈਲ ਵਿੱਚ ਸਟੋਰ ਨਾ ਕਰੋ।

## ਧਨ ਪ੍ਰਬੰਧਨ ਸੇਵਾਵਾਂ

✓ ਯੈੱਸ ਬੈਂਕ 33 ਤੋਂ ਵੱਧ ਮਿਊਚੁਅਲ ਫੰਡ ਹਾਊਸਿਸ ਤੋਂ ਖੋਜੀਆਂ ਅਤੇ ਸਲਾਹੀਆਂ ਗਈਆਂ ਤੀਜੇ ਧਿਰ ਦੀਆਂ ਨਿਵੇਸ਼ ਯੋਜਨਾਵਾਂ ਦੇ ਨਾਲ ਵਿਕਾਸਸ਼ੀਲ ਧਨ ਦੇ ਮੌਕੇ ਪੇਸ਼ ਕਰਦਾ ਹੈ (ਇੰਟਰਨੈਟ ਬੈਂਕਿੰਗ ਰਾਹੀਂ ਆਨਲਾਈਨ ਨਿਵੇਸ਼ ਲਈ ਉਪਲੱਬਧ 17 ਤੋਂ ਵੱਧ ਮਿਊਚੁਅਲ ਫੰਡ ਹਾਊਸਿਸ ਦੀਆਂ ਯੋਜਨਾਵਾਂ ਦੇ ਨਾਲ)

- ✓ ਚਿਰਕਾਲੀ ਵਿੱਤੀ ਮਕਸਦਾਂ ਨੂੰ ਹਾਸਲ ਕਰਨ ਲਈ ਨੇਮਤ ਤੌਰ ਤੇ ਬਚਤ ਕਰਨ ਅਤੇ ਛੋਟੀ ਰਕਮਾਂ ਨੂੰ ਨਿਵੇਸ਼ ਕਰਨ ਦੀ ਆਦਤ ਪਾਉਣ ਲਈ ਵਿਵਸਥਾਤਮਕ ਨਿਵੇਸ਼ ਯੋਜਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ।
- ✓ ਸਥਾਈ ਸੰਪੱਤੀ ਅਤੇ ਕਲਾ ਵਿੱਚ ਨਿਵੇਸ਼ ਕਰਨ ਦੇ ਵਿਕਲਪਾਂ ਦੇ ਨਾਲ ਨਿਰਧਾਰਿਤ ਲੋੜਾਂ ਦੇ ਮੁਤਾਬਕ ਢੁਕਵੀਆਂ ਹੋਰ ਖਾਸ ਨਿਵੇਸ਼ ਯੋਜਨਾਵਾਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ।
- ✓ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਬੀਮਾ ਲੋੜਾਂ ਨੂੰ ਪੂਰਾ ਕਰਨ ਲਈ ਮੈਕਸ ਨਿਉ ਯਾਰਕ ਲਾਈਫ ਇਸ਼ੋਰੈਂਸ ਕੰਪਨੀ ਲਿਮਿਟਡ ਦੇ ਸਹਿਯੋਗ ਨਾਲ ULIP ਅਤੇ ਰਵਾਇਤੀ ਯੋਜਨਾਵਾਂ ਦੇ ਵਿਕਲਪਾਂ ਦੇ ਨਾਲ ਜੀਵਨ ਬੀਮਾ ਸਮਾਧਾਨ ਉਪਲੱਬਧ ਹਨ।
- ✓ ਬਜਾਜ ਐਲਾਂਇਸ ਜਨਰਲ ਇਸ਼ੋਰੈਂਸ ਕੰਪਨੀ ਲਿਮਟਡ ਦੇ ਸਹਿਯੋਗ ਨਾਲ ਸੇਹਤ, ਮੋਟਰ, ਗਰਿਸਤ ਆਦਿ ਸਮੇਤ ਸਧਾਰਨ ਬੀਮੇ ਦੇ ਸਮਾਧਾਨ ਪੇਸ਼ ਕੀਤੇ ਜਾਂਦੇ ਹਨ।

## ਡਿਪੋਜ਼ਿਟਰੀ ਸੇਵਾਵਾਂ

- ✓ ਯੈੱਸ ਬੈਂਕ ਨੈਸ਼ਨਲ ਸਕਉਰਿਟੀਜ਼ ਡਿਪੋਜ਼ਿਟਰੀ ਲਿਮਟਡ (ਐਨਐਸਡੀਐਲ) ਦਾ ਡਿਪੋਜ਼ਿਟਰੀ ਭਾਗੀਦਾਰ ਹੈ।
- ✓ ਸਾਰੇ ਵਿਅਕਤੀਗਤ ਖਾਤਿਆਂ ਲਈ ਨਿਆਮਕ ਹਿਦਾਇਤਾਂ ਦੇ ਮੁਤਾਬਕ ਨਾਮਜ਼ਦਗੀ ਵੇਰਵੇ ਜਾਂ ਸਾਫ ਤੌਰ ਤੇ ਇਹ ਘੋਸ਼ਣਾ ਕਰਨਾ ਲਾਜ਼ਮੀ ਹੁੰਦਾ ਹੈ ਕਿ ਤੁਸੀਂ ਨਾਮਜ਼ਦਗੀ ਸੁਵਿਧਾ ਦਾ ਫਾਇਦਾ ਨਹੀਂ ਉਠਾਉਣਾ ਚਾਹੁੰਦੇ।
- ✓ ਲਗਾਤਾਰ 6 ਮਹੀਨੇ ਲਈ ਤੁਹਾਡੇ ਖਾਤੇ ਵਿੱਚ ਕੋਈ ਵੀ ਡੇਬਿਟ ਕਾਰਜ-ਵਿਹਾਰ ਨਾ ਹੋਣ ਤੇ ਇਸ ਨੂੰ ਸੁਸਤ ਖਾਤਾ ਸਮਝਿਆ ਜਾਂਦਾ ਹੈ।
- ✓ ਡੀਮੈਟ ਖਾਤੇ ਖੋਲਣ ਲਈ ਪੈਨ ਕਾਰਡ ਲਾਜ਼ਮੀ ਹੁੰਦਾ ਹੈ।
- ✓ ਡੀਮੈਟ ਖਾਤਿਆਂ ਵਿੱਚ ਘੱਟ ਤੋਂ ਘੱਟ ਰਕਮ ਰੱਖਣ ਦੀ ਲੋੜ ਨਹੀਂ ਹੁੰਦੀ।
- ✓ ਵਿਅਕਤੀਗਤ ਸਮਰਥਤਾਂ ਵਿੱਚ ਖੁਲਣ ਵਾਲੇ ਖਾਤਿਆਂ ਲਈ ਨਾਮਜ਼ਦਗੀ ਸੁਵਿਧਾ ਉਪਲੱਬਧ ਹੁੰਦੀ ਹੈ (ਜਿਵੇਂ ਇੱਕ ਨਾਂ/ਸੰਯੁਕਤ ਨਾਵਾਂ ਦੇ ਖਾਤੇ ਅਤੇ ਇਕੱਲੇ ਸੁਆਮੀਤਵ ਵਾਲੇ ਖਾਤੇ) ਜਿਵੇਂ ਪ੍ਰਤੀਨਿੱਧਤਵ ਸਮਰਥਤਾ ਵਿੱਚ ਖੋਲਣ ਵਾਲੇ ਖਾਤਿਆਂ ਲਈ ਨਹੀਂ।
- ✓ ਨਾਨ-ਰੈਜ਼ਿਡੈਂਟ ਭਾਰਤੀਆਂ ਨੂੰ ਪੋਰਟਫੋਲੀਓ ਇਨਵੈਸਟਮੈਂਟ ਸਕੀਮ (ਪੀਆਈਐਸ) ਦੇ ਤਹਿਤ ਵਿਦੇਸ਼ ਭੇਜਣ ਯੋਗ ਅਤੇ ਵਿਦੇਸ਼ ਨਾ ਭੇਜਣ ਯੋਗ ਵੱਖਰੇ ਖਾਤਿਆਂ ਨੂੰ ਖੋਲਣ ਦੀ ਲੋੜ ਹੁੰਦੀ ਹੈ।

## ਛੋਟੇ ਕਾਰੋਬਾਰ ਲਈ ਰਿਣ ਯੋਜਨਾਵਾਂ

- ✓ ਕਾਰੋਬਾਰੀ ਸੰਸਥਾਵਾਂ ਨੂੰ ਉਨ੍ਹਾਂ ਦੀ ਕੰਮਕਾਰੀ ਪੂੰਜੀ, ਸੰਪੱਤੀ ਗ੍ਰਹਣ, ਅਤੇ ਕਾਰੋਬਾਰੀ ਲੋੜਾਂ ਲਈ ਗੈਰ-ਜਮਾਨਤੀ ਕਾਰੋਬਾਰੀ ਲੋਨ ਪ੍ਰਦਾਨ ਕੀਤੇ ਜਾਂਦੇ ਹਨ।
- ✓ ਪ੍ਰੋਪਰਾਈਟਰਸ਼ਿਪ, ਪਾਟਨਰਸ਼ਿਪ, ਨਿੱਜੀ ਅਤੇ ਲਿਮਿਟਡ ਕੰਪਨੀਆਂ ਨੂੰ ਸਧਾਰਨ ਪ੍ਰਮਾਣ-ਪੱਤਰ ਅਤੇ ਸਪਸ਼ਟ ਯੋਗਤਾ ਮਾਪਦੰਡ ਦੇ ਨਾਲ ਰਿਣ ਉਪਲੱਬਧ ਕੀਤੇ ਜਾਣਗੇ।
- ✓ 30 ਲੱਖ ਰੁ. ਤਕ ਅਜਿਹੇ ਰਿਣਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ - ਕੋਈ ਜਮਾਨਤ ਜਾਂ ਸਕਿਓਰਟੀ ਦੀ ਲੋੜ ਨਹੀਂ; 4-7 ਦਿਨਾਂ ਦੇ ਅੰਦਰ ਰਿਣ ਦੀ ਅਦਾਇਗੀ; ਚਾਲ 12-36 ਮਹੀਨੇ; ਤੁਹਾਡੇ ਘਰ ਆ ਕੇ ਸੇਵਾ।

## ਸੀਐਮਐਸ ਅਤੇ ਭੁਗਤਾਨ ਸਮਾਧਾਨ

- ✓ ਵਿਸਤਰਤ ਬੈਂਕ ਨਕਦੀ; ਵਪਾਰਕ/ਨਿਪਟਾਨ ਦਾ ਘੱਟ ਜੋਖਮ; ਖਾਸ ਤੌਰ ਤੇ ਨਿਰਮਿਤ ਐਮਆਈਐਸ ਰਾਹੀਂ ਪ੍ਰਸ਼ਾਸਨਿਕ ਸਰਲਤਾ ਅਤੇ ਉੱਤਮ ਨਕਦੀ ਪ੍ਰਾਜੈਕਸ਼ਨਾਂ ਨੂੰ ਯਕੀਨੀ ਬਣਾਉਂਦੇ ਹੋਏ ਕਾਰੋਬਾਰੀ ਲੋੜਾਂ ਲਈ ਖਾਸ ਤੌਰ ਤੇ ਨਿਰਮਿਤ ਇਕੱਤਰੀਕਰਨ ਅਤੇ ਭੁਗਤਾਨ ਦੇ ਆਧੁਨਿਕ ਸਮਾਧਾਨਾਂ ਨੂੰ ਪ੍ਰਦਾਨ ਕਰਦਾ ਹੈ।
- ✓ 500 ਤੋਂ ਵੱਧ ਕਾਰੋਬਾਰੀ ਕੇਂਦਰਾਂ ਤੇ ਸਥਾਨਕ ਇਕੱਤਰੀਕਰਨਾਂ ਲਈ ਪ੍ਰਾਪਤ ਕਰਨ ਯੋਗ ਪ੍ਰਬੰਧਨ ਸੇਵਾਵਾਂ ਅਤੇ ਸਾਡੀ ਆਪਣੀ ਸ਼ਾਖਾ ਦੇ ਨੈਟਵਰਕ ਅਤੇ ਅਨੁਸਾਰੀ ਬੈਂਕ ਦੇ ਸਬੰਧਾਂ ਰਾਹੀਂ 2500 ਤੋਂ ਵੱਧ ਮੁੱਖ ਕਾਰੋਬਾਰੀ ਕੇਂਦਰਾਂ ਤੇ ਬਾਹਰਲੇ ਸ਼ਹਿਰ ਦੇ ਚੈੱਕਾਂ ਦੇ ਅਪਕੰਟਰੀ ਇਕੱਤਰੀਕਰਨਾਂ ਨੂੰ ਪ੍ਰਦਾਨ ਕਰਦਾ ਹੈ।
- ✓ ਪ੍ਰਾਪਤ ਕਰਨ ਯੋਗ ਪ੍ਰਬੰਧਨ ਸੇਵਾਵਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ - ਤੁਹਾਡੇ ਘਰ ਤੋਂ ਪਿਕ-ਅਪ ਸੇਵਾਵਾਂ; ਨਿਰਧਾਰਤ ਸੇਵਾ ਪੱਧਰ ਸਮਝੌਤੇ ਦੇ ਮੁਤਾਬਕ ਗਰੰਟੀਸ਼ੁਦਾ ਕ੍ਰੈਡਿਟ; ਵਿਆਪਕ ਕੋਰੀਅਰ/ਤਾਲਮੇਲ ਕਰਤਾ ਨਾਲ ਟਾਈ-ਅਪ; ਵੱਡੇ ਅਨੁਸਾਰੀ ਬੈਂਕ ਨੈਟਵਰਕ; ਪਰਤੱਖ ਖਾਤਾ ਕ੍ਰੈਡਿਟ ਸੁਵਿਧਾ/ਤੁਹਾਨੂੰ ਸਾਂਝਾ ਕਰਨਾ; ਖਾਸ ਤੌਰ ਤੇ ਨਿਰਮਿਤ ਪ੍ਰਬੰਧਨ ਜਾਣਕਾਰੀ ਪ੍ਰਣਾਲੀ; ਆਦਿ।
- ✓ ਭੁਗਤਾਨ ਯੋਗ ਪ੍ਰਬੰਧਨ ਸੇਵਾਵਾਂ ਦਾ ਵਿਆਪਕ ਸਮੂਹ ਪ੍ਰਦਾਨ ਕਰਦਾ ਹੈ।
  - ਸ਼ਾਮਲ ਕੀਤੇ ਗਏ ਕੁਟਲੇਖਨ ਦੇ ਨਾਲ ਸਮੂਹਕ ਅਪਲੋਡਾਂ ਸਮੇਤ ਇਲੈਕਟ੍ਰੋਨਿਕ ਭੁਗਤਾਨ।
  - ਆਨਲਾਈਨ ਆਰਟੀਜੀਐਸ, ਐਨਈਐਫਟੀ ਕਾਰਪੋਰੇਟ ਭੁਗਤਾਨ ਪਲੇਟਫਾਰਮਾਂ ਨੂੰ ਵਿਸਤਰਤ ਕਵਰੇਜ ਦੇ ਯੋਗ ਬਣਾਉਂਦਾ ਹੈ।
  - ਆਰਟੀਜੀਐਸ - 12000 ਸਥਾਨਾਂ ਤੇ 53000 ਬੈਂਕ ਸ਼ਾਖਾਵਾਂ
  - ਐਨਈਐਫਟੀ - 12000 ਸਥਾਨਾਂ ਤੇ 53000 ਬੈਂਕ ਸ਼ਾਖਾਵਾਂ
  - ਦੂਰਵਰਤੀ ਅਤੇ ਸਮੂਹਕ ਡੀਡੀ ਪ੍ਰਿੰਟਿੰਗ
- ✓ ਭੁਗਤਾਨਯੋਗ ਪ੍ਰਬੰਧਨ ਸੇਵਾਵਾਂ ਦੀ ਪ੍ਰਮੁਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ - ਖਾਸ ਤੌਰ ਤੇ ਨਿਰਮਿਤ ਈਆਰਪੀ ਏਕੀਕਰਨ; ਬਹੁਪਦਵੀ ਅਧਿਕਾਰ ਮੈਟਰਿਕਸ; ਸਵੈਚਲਤ ਈ-ਮੇਲ ਸਲਾਹ; ਡੇਟਾ ਕੁਟਲੇਖਨ; ਸਹਿ-ਬ੍ਰਾਂਡਿਡ ਚੈੱਕ ਪ੍ਰਿੰਟਿੰਗ; ਆਦਿ।

## ਪੂੰਜੀ ਬਜ਼ਾਰ ਸੇਵਾਵਾਂ

- ✓ ਕਾਰਪੋਰੇਟਾਂ ਨੂੰ ਉਨ੍ਹਾਂ ਦੀ ਪੂੰਜੀ ਨੂੰ ਵਧਾਉਣ ਦੀਆਂ ਗਤੀਵਿਧੀਆਂ ਦੇ ਸੰਚਾਲਨ ਲਈ ਅਤੇ ਵਿਆਜ਼ ਵਾਰੰਟ/ਲਾਭ-ਅੰਸ਼ ਵਾਰੰਟ ਵਿਤਰਣ ਦੇ ਪ੍ਰਬੰਧਨ ਲਈ ਇਕਵਿਟੀ ਮਾਰਕਿਟ ਤੋਂ ਕਾਰਜ-ਵਿਹਾਰ ਯੋਗਤਾਵਾਂ ਪ੍ਰਦਾਨ ਕਰਦਾ ਹੈ।
- ✓ ਵਿਆਜ਼/ਲਾਭ-ਅੰਸ਼ ਸਬੰਧੀ ਵੱਡੇ ਭੁਗਤਾਨ ਦੀਆਂ ਸੇਵਾਵਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ - ਸੇਵਾ ਪੱਧਰ ਸਮਝੌਤੇ ਵਿੱਚ ਪੂਰਵ-ਸਹਿਮਤ ਸਾਰੀਆਂ ਲੋਕੇਸ਼ਨਾਂ ਤੇ ਐਟ ਪਾਰ ਪੇਸ਼ ਕੀਤੇ ਗਏ ਵਾਰੰਟ; ਵਾਰੰਟਾਂ ਦੀ ਭੁਗਤਾਈ/ਅਭੁਗਤਾਈ ਸਥਿਤੀ ਉੱਥੇ ਬਿਓਰਾ; ਭੁਗਤਾਨ ਨੂੰ ਰੋਕਣ ਦੀ ਸੁਵਿਧਾ; ਏਕੀਕ੍ਰਿਤ ਮੂਲ ਭੂਤ ਪਲੇਟਫਾਰਮ ਪ੍ਰੋਸੈਸਿੰਗ ਯੋਗਤਾ ਨੂੰ ਆਨਲਾਈਨ ਮੁਹੱਈਆ ਕਰਦਾ ਹੈ, ਰਿਅਲ-ਟਾਈਮ ਐਮਆਈਐਸ; ਆਦਿ।
- ✓ ਇੱਕ ਲਾਇਸੈਂਸਸ਼ੁਦਾ ਬੈਂਕਰ ਹੋਣ ਦੇ ਨਾਤੇ ਯੈੱਸ ਬੈਂਕ ਸੇਬੀ ਨਾਲ ਰਜਿਸਟਰਡ ਹੈ, ਇਨੀਸ਼ਿਅਲ ਪਬਲਿਕ ਆਫਰਿੰਗ (ਆਈਪੀਓ), ਫੋਲੋ-ਆਨ ਪਬਲਿਕ ਆਫਰਿੰਗ (ਐਫਪੀਆਓ) ਅਤੇ ਰਾਈਟਸ ਇਸ਼ੂ ਨਾਲ ਸਬੰਧਤ ਨਿਲੰਬ ਸੰਪੱਤੀ ਇਕੱਤਰੀਕਰਨ ਬੈਂਕ ਸੇਵਾਵਾਂ ਅਤੇ ਰੀ-ਫੰਡ ਬੈਂਕ ਸੇਵਾਵਾਂ।
- ✓ ਨਿਲੰਬ ਸੰਪੱਤੀ ਇਕੱਤਰੀਕਰਨ ਬੈਂਕ ਸੇਵਾਵਾਂ ਅਤੇ ਰੀ-ਫੰਡ ਬੈਂਕ ਸੇਵਾਵਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ - ਵੈਬ ਉੱਤੇ ਆਨਲਾਈਨ ਰਿਅਲ-ਟਾਈਮ ਆਈਪੀਓ ਐਮਆਈਐਸ ਲਈ ਪੂਰੇ ਭਾਰਤ ਵਿੱਚ 26 ਰਣਨੀਤਕ ਕਾਰੋਬਾਰੀ ਕੇਂਦਰਾਂ ਵਿੱਚ ਕਵਰੇਜ; ਸਾਰੇ ਰੀਫੰਡਾਂ ਲਈ ਆਨਲਾਈਨ ਮੇਲ; ਐਨਈਐਫਟੀ, ਆਰਟੀਜੀਐਸ ਰਾਹੀਂ ਵੈਬ ਉੱਤੇ ਸਮੂਹਕ ਰੀਫੰਡਾਂ ਨੂੰ ਪ੍ਰਬੰਧਤ ਕਰਨ ਦੀ ਯੋਗਤਾ; ਆਦਿ।

## ਵਿਦੇਸ਼ੀ ਮੁਦਰਾ ਨੂੰ ਬਦਲਣ ਦੀਆਂ ਸੇਵਾਵਾਂ

- ✓ ਵਿਆਪਕ ਆਯਾਤ ਅਤੇ ਨਿਰਯਾਤ ਸਮਾਧਾਨਾਂ ਦੇ ਨਾਲ ਚੋਣਵੀਆਂ ਸ਼ਾਖਾਵਾਂ ਵਿੱਚ ਵਿਦੇਸ਼ੀ ਵਪਾਰ ਅਤੇ ਵਪਾਰਕ ਵਿੱਤੀ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਸ ਵਿੱਚ ਨਿਮਨਲਿੱਖਤ ਕਵਰ ਹਨ
  - ਅਗ੍ਰਿਮ ਭਿਜਵਾਈ, ਪਰਤੱਖ ਭਿਜਵਾਈ, ਆਯਾਤ ਇਕੱਤਰੀਕਰਨ

- ਨਿਰਯਾਤ ਇਕੱਤਰੀਕਰਨ, ਨਿਰਯਾਤ ਅਗ੍ਰਿਮ ਭੁਗਤਾਨ, ਨਿਰਯਾਤ ਕ੍ਰੈਡਿਟ
- ਰਿਣ ਪੱਤਰ, ਬੈਂਕ ਗਰੰਟੀ ਅਤੇ ਅਤਿਰਿਕਤ ਰਿਣ ਪੱਤਰ
- ਆਂਤਰਿਕ ਭਿਜਵਾਈਆਂ, ਬਾਹਰੀ ਭਿਜਵਾਈਆਂ
- ਘਰੇਲੂ ਵਪਾਰਕ ਉਤਪਾਦ
- ਰਿਣ ਪੱਤਰਾਂ ਨੂੰ ਨਿਰਯਾਤ ਕਰਨ ਬਾਰੇ ਸਲਾਹ, ਸਥਾਨ-ਅੰਤਰਨ, ਪੁਸ਼ਟੀ
- ਆਯਾਤ ਵਿੱਤ-ਪੋਸ਼ਣ

✓ ਯੈੱਸ ਬੈਂਕ ਦੁਆਰਾ ਮੁਹਈਆ ਕੀਤੀਆਂ ਜਾਣ ਵਾਲੀਆਂ ਹੋਰ ਵਿਦੇਸ਼ੀ ਮੁਦਰਾ ਸੇਵਾਵਾਂ -

- ਟ੍ਰੈਵਲਰ ਚੈੱਕਾਂ ਦਾ ਪ੍ਰਚਾਲਨ ਅਤੇ ਖਰੀਦ
- ਵਿਦੇਸ਼ੀ ਮੁਦਰਾ ਡਿਮਾਂਡ ਡ੍ਰਾਂਫਟਾਂ ਦਾ ਪ੍ਰਚਾਲਨ
- ਵਿਦੇਸ਼ੀ ਮੁਦਰਾ ਦੀ ਖਰੀਦ ਅਤੇ ਵਿਕਰੀ
- ਵਿਦੇਸ਼ੀ ਮੁਦਰਾ ਦਾ ਚੈੱਕ ਇਕੱਤਰੀਕਰਨ
- ਟ੍ਰੈਵਲਰ ਚੈੱਕਾਂ ਅਤੇ ਵਿਦੇਸ਼ੀ ਮੁਦਰਾ ਦੀ ਖਰੀਦ
- ਐਫਸੀਵਾਈ ਨਕਦ ਜਮਾਂ, ਐਫਸੀਵਾਈ ਖਾਤਾ ਸਥਾਨ-ਅੰਤਰਨ (ਈਈਐਫਸੀ/ਆਰਐਫਸੀ ਖਾਤਾ)

✓ ਵੱਖ-ਵੱਖ ਕਰੰਸੀਆਂ ਦੇ ਸਵਿਫਟ ਕੋਡਾਂ ਨੂੰ ਸ਼ਾਖਾ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਭਿਜਵਾਈ ਕਾਰਜ ਵਿਹਾਰ ਕਰਦੇ ਸਮੇਂ ਰਿਕਾਰਡ ਅਤੇ ਇਸਤੇਮਾਲ ਲਈ ਨੋਟ ਕੀਤਾ ਜਾ ਸਕਦਾ ਹੈ।

✓ ਸਾਡੇ ਲਗਭਗ ਸਾਰੀਆਂ ਵੱਡੀਆਂ ਵਿਦੇਸ਼ੀ ਕਰੰਸੀਆਂ ਵਿੱਚ ਦੁਨੀਆ ਭਰ ਵਿੱਚ ਆੜਤੀ ਬੈਂਕਾਂ ਦਾ ਨੈਟਵਰਕ ਹੈ।

## ਸ਼ਿਕਾਇਤਾਂ ਦਾ ਸੁਧਾਰ ਕਰਨਾ

✓ ਅਸੀਂ ਹਰ ਸਮੇਂ ਤੁਹਾਨੂੰ ਆਪਣੀਆਂ ਸਰਵ-ਸਰੇਸ਼ਠ ਸੇਵਾਵਾਂ ਦਾ ਭਰੋਸਾ ਦਵਾਉਂਦੇ ਹਾਂ ਜੇ ਤੁਸੀਂ ਆਪਣੇ ਬਹੁਮੁੱਲੇ ਸੁਝਾਅ, ਵਿਚਾਰ, ਅਨੁਭਵ, ਪਰਤੀ-ਸੂਚਨਾ ਜਾਂ ਸਾਡੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਕਾਰਜ ਖੇਤਰ ਨੂੰ ਸਾਂਝਾ ਕਰਨਾ ਚਾਹੁੰਦੇ ਹੋ, ਤਾਂ ਅਸੀਂ ਨਿਮਨਲਿਖਤ ਰਾਹੀਂ ਤੁਹਾਡੀ ਪਰਤੀ-ਸੂਚਨਾ ਦਾ ਸੁਆਗਤ ਕਰਦੇ ਹਾਂ:

1. ਇਲੈਕਟ੍ਰੋਨਿਕ ਚੈਨਲ ਉਪਲੱਬਧ ਹਨ
   - ਤੁਸੀਂ ਆਨਲਾਈਨ ਸ਼ਿਕਾਇਤ ਫਾਰਮ ਰਾਹੀਂ ਆਪਣੀ ਸ਼ਿਕਾਇਤ ਰਜਿਸਟਰਡ ਕਰ ਸਕਦੇ ਹੋ।
   - ਸਾਨੂੰ ਸਵੇਰੇ 7 ਵਜੇ ਤੋਂ ਰਾਤ 11 ਵਜੇ ਤਕ ਹਫਤੇ ਵਿੱਚ 7 ਦਿਨ ਯੈੱਸ ਟੱਚ ਫੋਨ ਬੈਂਕਿੰਗ ਸੇਵਾ ਤੇ ਕਾਲ ਕਰੋ।
   - ਡਿਪੋਜ਼ਿਟਰੀ ਸੇਵਾਵਾਂ ਨਾਲ ਸਬੰਧਤ ਖਾਸ ਸ਼ਿਕਾਇਤਾਂ ਲਈ, ਕਿਰਪਾ ਕਰਕੇ dphelp@yesbank.in ਤੇ ਲਿੱਖੋ।
2. ਬੈਂਕ ਅਧਿਕਾਰੀਆਂ ਨਾਲ ਨਿੱਜੀ ਮੁਲਾਕਾਤਾਂ
   - ਸਾਡੀ ਸ਼ਾਖਾ ਤੇ ਜਾਓ ਅਤੇ ਸਾਡੀਆਂ ਸਾਰੀਆਂ ਸ਼ਾਖਾਵਾਂ ਵਿੱਚ ਰੱਖੇ ਗਏ ਸ਼ਿਕਾਇਤ ਰਜਿਸਟਰ ਵਿਚ ਆਪਣੀ ਸ਼ਿਕਾਇਤ ਦਰਜ ਕਰੋ (ਸ਼ਾਖਾ ਦੇ ਕੰਮਕਾਜੀ ਘੰਟਿਆਂ ਦੇ ਦੌਰਾਨ)।

ਆਪਣੇ ਸ਼ਹਿਰ ਦੀ ਨੇੜਲੀ ਸ਼ਾਖਾ ਦੇ ਸ਼ਾਖਾ ਕਾਰੋਬਾਰੀ ਲੀਡਰ (ਸ਼ਾਖਾ ਪ੍ਰਬੰਧਕ) ਨੂੰ ਸਬੰਧਤ ਵੇਰਵਿਆਂ ਦੀ ਵਿਆਖਿਆ ਕਰਦਾ ਪੱਤਰ ਲਿੱਖੋ ਜਾਂ ਮਿਲੋ ਅਤੇ ਉਹ ਤੁਹਾਨੂੰ ਜਵਾਬ ਦੇਵੇਗਾ - ਸ਼ਾਖਾ ਸੰਪਰਕ ਵੇਰਵੇ।

- ਸਾਡੀਆਂ ਸਾਰੀਆਂ ਸ਼ਾਖਾਵਾਂ ਵਿੱਚ, ਅਸੀਂ ਹਰ ਮਹੀਨੇ ਦੀ 7 ਤਾਰੀਖ ਨੂੰ (ਦੁਪਹਿਰ 3 ਵਜੇ ਤੋਂ ਸ਼ਾਮੀ 5 ਵਜੇ ਤਕ) ਗਾਹਕ ਦਿਵਸ ਮਨਾਉਂਦੇ ਹਾਂ (ਜੇ 7 ਤਾਰੀਖ ਨੂੰ ਛੁੱਟੀ ਜਾਂ ਅੱਧੀ ਛੁੱਟੀ ਹੈ ਤਾਂ ਇੱਕ ਦਿਨ ਪਹਿਲੇ)। ਗਾਹਕ ਇਸ ਦਿਨ ਦਾ ਇਸਤੇਮਾਲ ਬੈਂਕ ਦੇ ਉਤਪਾਦਾਂ ਅਤੇ ਸੇਵਾਵਾਂ ਉੱਤੇ ਆਪਣੇ ਵਿਚਾਰ ਦੇਣ ਲਈ, ਆਪਣੀਆਂ ਚਿੰਤਾਵਾਂ ਵਿਅਕਤ ਕਰਨ ਲਈ, ਖਾਸ ਸੇਵਾ ਜਾਂ ਉਤਪਾਦ ਵਿਸ਼ੇਸ਼ਤਾ ਦੀ ਤਾਰੀਫ ਕਰਨ ਲਈ, ਕਰ ਸਕਦੇ ਹਨ।

ਸਾਡੀਆਂ ਸਾਰੀਆਂ ਸ਼ਾਖਾਵਾਂ ਵਿੱਚ ਅਸੀਂ ਉਨ੍ਹਾਂ ਅਧਿਕਾਰੀਆਂ ਦਾ ਨਾਂ ਅਤੇ ਸੰਪਰਕ ਵੇਰਵੇ ਪ੍ਰਦਰਸ਼ਿਤ ਕੀਤੇ ਹਨ ਜਿਨ੍ਹਾਂ ਨੂੰ ਤੁਸੀਂ ਸ਼ਿਕਾਇਤ ਦਰਜ ਕਰਵਾਉਣ ਲਈ ਸੰਪਰਕ ਕਰ ਸਕਦੇ ਹੋ।

- ਸਮੇਂ ਸੀਮਾ
- ਅਸੀਂ ਤੁਹਾਨੂੰ ਜਵਾਬ ਦੇਣ ਵਿੱਚ ਆਮ ਤੌਰ ਤੇ 7 ਕੰਮਕਾਜੀ ਦਿਨ ਲੈਂਦੇ ਹਾਂ।
- ਸ਼ਿਕਾਇਤ ਹਵਾਲਾ ਨੰਬਰ
- ਜਦੋਂ ਤੁਸੀਂ ਸਾਨੂੰ ਸ਼ਿਕਾਇਤ ਦਰਜ ਕਰਾਉਂਦੇ ਹੋ ਤਾਂ ਅਸੀਂ ਤੁਹਾਨੂੰ ਸ਼ਿਕਾਇਤ ਸੰਖਿਆ ਪ੍ਰਦਾਨ ਕਰਦੇ ਹਾਂ।
- ਵਿਸ਼ਾਲੀਕਰਨ ਜੰਤਰਾਵਲੀ
- 7 ਕੰਮਕਾਜੀ ਦਿਨਾਂ ਵਿੱਚ ਉੱਪਰ ਦਿੱਤੇ ਸੰਪਰਕ ਵੇਰਵਿਆਂ ਵਿੱਚੋਂ ਕਿਸੇ ਦਾ ਜਵਾਬ ਨਾ ਆਉਣ ਤੇ/ਅਸੰਤੁਸ਼ਟੀਜਨਕ ਜਵਾਬ ਆਉਣ ਤੇ ਤੁਸੀਂ ਆਪਣੀ ਸੁਵਿਧਾ ਦੇ ਮੁਤਾਬਕ ਨਿਮਨਲਿਖਤ ਦਾ ਇਸਤੇਮਾਲ ਕਰਦੇ ਹੋਏ ਆਪਣੀ ਸ਼ਿਕਾਇਤ ਅੱਗੇ ਵਧਾ ਸਕਦੇ ਹੋ।

| **ਵਿਅਕਤੀਗਤ ਰੂਪ ਵਿੱਚ ਆਪਣੀ ਸ਼ਿਕਾਇਤ ਅੱਗੇ ਵਧਾਉਣ ਲਈ** | **ਕਿਸੇ ਹੋਰ ਸਾਧਨ ਰਾਹੀਂ ਆਪਣੀ ਸ਼ਿਕਾਇਤ ਨੂੰ ਅੱਗੇ ਵਧਾਉਣ ਲਈ** |
|---|---|
| ਆਪਣੇ ਨੇੜਲੀ **ਯੈੱਸ ਬੈਂਕ ਸ਼ਾਖਾ** ਤੇ ਜਾਓ ਅਤੇ ਸ਼ਾਖਾ ਕਾਰੋਬਾਰੀ ਲੀਡਰ/ਖੇਤਰੀ ਕਾਰੋਬਾਰੀ ਲੀਡਰ ਨਾਲ ਮਿਲੋ | ਹੈੱਡ - ਗਾਹਕ ਸੇਵਾ ਅਤੇ ਸੰਪਰਕ ਕੇਂਦਰ ਨੂੰ 0124-461 9006 ਤੇ ਕਾਲ ਕਰੋ ਜਾਂ **ਈ-ਮੇਲ ਭੇਜਣ ਲਈ** ਇੱਥੇ ਕਲਿਕ ਕਰੋ |

- ਤੁਸੀਂ ਆਪਣੀ ਮੁਲਾਕਾਤ/ਕਾਲ/ਈ-ਮੇਲ ਤੇ 10 ਕੰਮਕਾਜੀ ਦਿਨਾਂ ਦੇ ਅੰਦਰ ਆਪਣੇ ਪਸੰਦੀਦਾ ਸਾਧਨ ਤੋਂ ਜਵਾਬ ਦੀ ਉਮੀਦ ਕਰ ਸਕਦੇ ਹੋ।
- 10 ਕੰਮਕਾਜੀਦਿਨਾਂ ਦੇ ਅੰਦਰਸ਼ਾਖਾਵਪਾਰਕ ਮੁਖੀਆ / ਖੇਤਰੀਵਪਾਰਕ ਮੁਖੀਆ/ਮੁੱਖ ਗਾਹਕ ਸੇਵਾਅਤੇ ਸੰਪਰਕ ਕੇਂਦਰ ਤੋਂ ਜਵਾਬਨਾ ਆਉਣ ਦੇ ਮਾਮਲੇ ਵਿੱਚ, ਤੁਸੀਂ 0124 461 9005 ਤੇਹੈੱਡ – ਬ੍ਰਾਂਚਸਰਵਿਸਡਿਲੀਵਰੀ ਨੂੰ ਮਸਲਾ ਅੱਗੇ ਵਧਾਸਕਦੇ ਹੋ ਜਾਂ ਉਸ ਨੂੰ ਈ-ਮੇਲਭੇਜਣਲਈ ਇੱਥੇ ਕਲਿੱਕ ਕਰੋ ਅਤੇ 10 ਕੰਮਕਾਜੀਦਿਨਾਂ ਦੇ ਅੰਦਰਜਵਾਬ ਆਉਣ ਦੀ ਉਮੀਦ ਕਰੋ।
- ਅਸੀਂ ਆਪਣੇ ਸਾਰੇ ਗਾਹਕਾਂ ਨੂੰ ਸੂਚਿਤ ਕਰਨਾ ਚਾਹੁੰਦੇ ਹਾਂ ਕਿ ਸਾਡਾ ਬੈਂਕ ਭਾਰਤੀ ਰਿਜ਼ਰਵ ਬੈਂਕ ਦੀ ਬੈਂਕਿੰਗ ਓਂਬਡਜ਼ਮੈਨ ਸਕੀਮ, 2006 ਦੇ ਤਹਿਤ ਸੁਰੱਖਿਅਤ ਹੈ। ਜੇ 30 ਦਿਨਾਂ ਦੇ ਅੰਦਰ ਬੈਂਕ ਦੇ ਖਿਲਾਫ ਕੀਤੀ ਜਾਣ ਵਾਲੀ ਸ਼ਿਕਾਇਤ ਦਾ ਜਵਾਬ ਨਹੀਂ ਆਉਂਦਾ ਤਾਂ ਉਸਨੂੰ ਸਬੰਧਤ ਸ਼ਹਿਰ ਦੇ ਬੈਂਕਿੰਗ ਓਂਬਡਜ਼ਮੈਨ (ਪ੍ਰਸ਼ਾਸਨਿਕ ਸ਼ਿਕਾਇਤ ਜਾਂਚ ਅਧਿਕਾਰੀ) ਨੂੰ ਭੇਜਿਆ ਜਾ ਸਕਦਾ ਹੈ।